ੴ

ਸ੍ਰੀ ਮਾਨ ੧੦੮ ਸੰਤ ਮਹਾਰਾਜ ਬਾਬਾ ਕਰਮ ਸਿੰਘ ਜੀ ਕੋ ਬੰਦਨਾ ਕਹੂੰ ਚੀਤ ਲਾਇ । ਪੂਰਨ ਹੋਏ ਟਰੈਕਟ ਏ ਹੋਹੁ ਜੋ ਆਪੁ ਸਹਾਇ ।

ਦੋਹਰਾ॥
ਏਕ ਸਮੈ ਸ੍ਰੀ ਆਤਮਾ ਉਚਰਿਓ ਮਤ ਸਿਉ ਬੈਨ ॥ ਸਭ ਪ੍ਰਤਾਪ ਜਗਦੀਸ਼ ਕੋ ਕਹੋ ਸਕਲ ਬਿਧ ਤੈਨ ॥[੧]

## ਫ਼ੋਟੋਆਂ ਦਾ ਨਿਰਨਾ

ਪ੍ਰਸ਼ਨ: ਆਤਮ ਦਰਸੀ ਜੀਓ, ਜੋ ਪਹਿਲੇ ਪ੍ਰਸੰਗ ਸੁਨਾਏ ਹਨ, ਸੁਣਿ ਕੇ ਕਈ ਸੰਸੇ ਨਿਵਿਰਤ ਹੋਏ ਹਨ ਔਰ ਬੜਾ ਹੀ ਆਨੰਦ ਆਯਾ ਹੈ । ਮੇਰੇ ਏਹ ਭੀ ਸੰਸਾ ਨਿਵਿਰਤ ਕਰਨੇ ਦੀ ਕ੍ਰਿਪਾਲਤਾ ਕਰੋ ਕਿ ਗੁਰੂ ਸਾਹਿਬਾਂ ਦੇ ਫ਼ੋਟੋ ਮੰਨਲੇ ਚਾਹੀਏ ਕਿ ਨਹੀਂ, ਕਿਉਂਕਿ ਕਈ ਪ੍ਰੇਮੀ ਫ਼ੋਟੋ ਦਾ ਖੰਡਨ ਕਰਦੇ ਹਨ? ਪਰ ਉਹ ਸਾਰੇ ਪੰਥ ਵਿੱਚੋਂ ਥੋੜ੍ਹੇ ਹੀ ਹਨ ਖੰਡਨ ਕਰਨ ਵਾਲੇ ।

ਆਤਮਦਰਸੀ-ਓ-ਵਾਚ: ਹੇ ਮੇਰੇ ਨਿਜ ਆਤਮਾ, ਏਹ ਭੀ ਤੈਨੇ ਭਲਾ ਪ੍ਰਸ਼ਨ ਕੀਤਾ ਹੈ । ਕਈਆਂ ਪ੍ਰੇਮੀਆਂ ਦੇ, ਕਈ ਯਾਤਰੂਆਂ ਨੂੰ ਆਏ ਹੋਇਆਂ ਨੂੰ ਲਾਭ ਹੋਇਗਾ, ਔਰ ਓਹ ਗੁਰ-ਮੂਰਤ ਦੀ ਨਿੰਦਿਆ ਤੋਂ ਉਨ੍ਹਾਂ ਦਾ ਬਚਾਉ ਹੋਇਗਾ, ਔਰ ਉਨ੍ਹਾਂ ਦੀ ਯਾਤਰਾ ਸਫਲ ਹੋਇਗੀ ।

ਸ੍ਰੀ ਮੁਖਵਾਕ, "ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥" [੨]

ਆਓ ਸਾਧ ਸੰਗਤ ਜੀਓ, ਫ਼ੋਟੋ ਦੇ ਬਾਰੇ ਭੀ ਆਪਾਂ ਸਾਰੇ ਮਿਲਕੇ ਵੀਚਾਰ ਕਰੀਏ ਕਿ ਫ਼ੋਟੂ ਬਾਰੇ ਗੁਰੂ ਮਹਾਰਾਜ ਜੀ ਦਾ ਕੀ ਹੁਕਮ ਹੈ ।

ਪ੍ਰਮਾਣ ਗੁਰਬਾਣੀ: -

---

[੧] ਅਕਾਲ ਉਸਤਤਿ, ਪੰਨਾ ੩੦, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

[੨] ਸੂਹੀ ਮਹਲਾ ੫, ਪੰਨਾ ੭੬੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ ਗੁਰ ਕੇ ਚਰਨ ਰਿਦੈ ਲੈ ਧਾਰਉ ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥ [3]

ਸੋ ਸਾਧ ਸੰਗਤ ਜੀਓ, ਗੁਰਬਾਣੀ ਦੁਆਰਾ, ਮਹਾਰਾਜ ਫੁਰਮਾਉਂਦੇ ਹਨ ਕਿ 'ਗੁਰ ਕੀ ਮੂਰਤਿ ਮਨ ਮਹਿ ਧਿਆਨੁ' ਕਿ ਗੁਰੂ ਕੀ ਮੂਰਤਿ ਦਾ ਮਨ ਬੀਚ ਧਿਆਨ ਕਰੋ ਵ ਮਨ ਵਿਚ ਧਿਆਨ ਹੋਇਆ ਹੈ। ਇਸ ਤੋਂ ਸਾਫ਼ ਜ਼ਾਹਰ ਹੋਇਆ ਕਿ ਗੁਰੂ ਸਾਹਿਬ ਜੀ ਦਾ ਹੁਕਮ ਫ਼ੋਟੋ ਦੇ, ਤਸਵੀਰ ਦੇ, ਵ ਮੂਰਤੀ ਦੇ ਖੰਡਨ ਦਾ ਨਹੀਂ ਹੈ, ਬਲਕਿ ਮਨ ਵਿੱਚ ਸਫਾਈ ਕਰਕੇ, ਔਰ ਸਿੰਘਾਸਨ ਵਿਛਾ ਕਿ ਉਪਰ ਵਿਛਾਈ ਕਰਕੇ, ਉਪਰ ਚੰਦੋਆ ਤਾਨ ਕੇ, ਮਨ ਦੇ ਅੰਦਰ ਸਿੰਘਾਸਨ ਤੇ ਗੁਰ-ਮੂਰਤਿ ਵ ਗੁਰੂ ਸਾਹਿਬ ਜੀ ਦੇ ਫ਼ੋਟੂ ਦਾ ਧਿਆਨ ਧਰੋ। ਅੱਗੇ ਜਾ ਕੇ ਮਹਾਰਾਜ ਇਸੇ ਸਬਦ ਦੀਆਂ ਅਗਲੀਆਂ ਤੁਕਾਂ ਵਿਚ ਹੁਕਮ ਦੇਂਦੇ ਹਨ। ਜੇੜ੍ਹੀ ਮੂਰਤ ਵ ਮਹਾਰਾਜ ਜੀ ਦੀ ਵ ਗੁਰੂ ਸਾਹਿਬ ਦੀ ਫ਼ੋਟੂ ਦਾ ਧਿਆਨ ਕੀਤਾ ਹੋਇਆ ਹੈ, ਉਸਨੂੰ ਸਾਮਨੇ ਰਖਦੇ ਹੋਏ ਗੁਰੂ ਸਾਹਿਬ ਜੀ ਹੁਕਮ ਦੇਂਦੇ ਹਨ, ਜੇਹੜੀ ਮੂਰਤਿ ਗੁਰੂ ਦੀ, ਪਾਰਬ੍ਰਹਮ ਸਮਝ ਕੇ ਧਾਰਨ ਕੀਤੀ ਹੈ ਵ ਧਿਆਨ ਕੀਤਾ ਹੋਇਆ ਹੈ, ਉਸ ਗੁਰ ਮੂਰਤ ਨੂੰ ਸਦਾ ਨਮਸਕਾਰ ਕਰੋ। ਪ੍ਰਮਾਨ, "ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥"

ਇਸ ਤੋਂ ਸਾਫ਼ ਸਿੱਧ ਹੋਇਆ ਕਿ ਗੁਰੂ ਸਾਹਿਬ ਗੁਰਮੂਰਤ ਦਾ ਵ ਗੁਰੂ ਸਾਹਿਬ ਜੀ ਦੇ ਫ਼ੋਟੋ ਦਾ ਖੰਡਨ ਨਹੀਂ ਕਰ ਰਹੇ, ਬਲਕਿ ਹਿਰਦੇ ਵਿਚ ਧਾਰਨ ਕਰਨ ਦਾ ਔਰ ਨਮਸਕਾਰ ਕਰਨ ਦਾ ਹੁਕਮ ਦੇਂਦੇ ਹਨ।

## ਮੀਰੀ ਪੀਰੀ ਦੇ ਮਾਲਕ, ਪਾ: ੬ ਦੀ ਤਸਵੀਰ

ਗੁਰ ਇਤਹਾਸ ਸੂਰਜ ਪ੍ਰਕਾਸ਼ ਵਿਚ ਜ਼ਿਕਰ ਆਯਾ ਹੈ ਕਿ ਏਕ ਦਿਨ ਮੀਰੀ ਪੀਰੀ ਦੇ ਮਾਲਕ ਸ੍ਰੀ ਹਰਿ ਗੋਬਿੰਦ ਸਾਹਿਬ ਜੀ ਸ਼ਿਕਾਰ ਜਾ ਰਹੇ ਸਨ। ਨਾਲ ਬਿਧੀ ਚੰਦ ਜੀ ਸਨ। ਦੋਵੇਂ ਘੋੜਿਆਂ ਤੇ ਸਵਾਰ ਹੋ ਕੇ ਜਾ ਰਹੇ ਸਨ। ਰਸਤੇ ਵਿਚ ਦੋ ਮੁਸੱਵਰ ਸਾਮਨੇ ਆ ਕਰ ਹੱਥ ਜੋੜ ਕਰ ਖੜੇ ਹੋ ਗਏ। ਗੁਰੂ ਸਾਹਿਬ ਜੀ ਨੇ ਪੁਛਿਆ ਕਿ ਤੁਸੀਂ ਕੌਣ ਹੋ, ਔਰ ਰਸਤਾ ਰੋਕ ਕੇ ਕਿਉਂ ਖੜੇ ਹੋ? ਉਨ੍ਹਾਂ ਨੇ ਨਮਸਕਾਰ ਕਰਕੇ ਬੇਨਤੀ ਕੀਤੀ, "ਜੀ ਸੱਚੇ ਪਾਤਸ਼ਾਹ! ਅਸੀਂ ਮੁਸੱਵਰ ਹਾਂ। ਸਾਡੀ ਇੱਛਾ ਹੈ ਕਿ ਆਪ ਜੀ ਦਾ ਫ਼ੋਟੂ ਬਨਾਵਨ ਦੀ ਆਗਿਆ ਬਖ਼ਸ਼ੋ। ਏਹ ਸਾਡੀ ਤੀਬ੍ਰ ਇੱਛਾ ਹੈ"। ਏਹ ਸੁਨਿ ਕਰ ਗੁਰੂ ਸਾਹਿਬ ਜੀ ਪ੍ਰਸੰਨ ਹੋ ਕਰ ਹੁਕਮ ਕੀਆ ਕਿ ਸਾਡੇ ਦੋਹਾਂ ਦਾ ਇਸਤ੍ਰਾਂ ਘੋੜਿਆਂ ਤੇ ਅਸਵਾਰ ਦਾ ਫ਼ੋਟੂ ਤਿਆਰ ਕਰੋ ਔਰ ਸਾਡੇ ਵਾਪਸ ਆਇਆਂ ਤਕ ਤਿਆਰ ਹੋ ਜਾਣ।

## ਪਾ: ੬ ਤੇ ਬਿਧੀ ਚੰਦ ਜੀ ਦੀ ਫ਼ੋਟੋ

---

[3] ਗੋਂਡ ਮਹਲਾ ੫, ਪੰਨਾ ੮੬੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਜਦ ਇਸਤ੍ਰਾਂ ਮਹਾਰਾਜ ਹੁਕਮ ਦੇ ਕਰ ਚਲੇ ਗਏ, ਏਹ ਦੋਵੇਂ ਪ੍ਰੇਮੀ ਲਗ ਗਏ ਫ਼ੋਟੋ ਬਨਾਨੇ ਪ੍ਰ । ਸਾਰਾ ਮਹਾਰਾਜ ਦਾ ਫ਼ੋਟੂ ਬਨਾਯਾ, ਪ੍ਰ ਸੀਸ ਦਾ ਫ਼ੋਟੂ ਉਨ੍ਹਾਂ ਤੋਂ ਨਾ ਬਣੇ । ਬਹੁਤੇਰੀ ਕੋਸ਼ਿਸ਼ ਕਰਦੇ ਰਹੇ, ਫੇਰ ਭੀ ਨਾ ਬਨਾ । ਜਦ ਗੁਰੂ ਸਾਹਿਬ ਜੀ ਵਾਪਸ ਆਇ ਔਰ ਪੂਛੇ, "ਕਿਉਂ ਪ੍ਰੇਮੀਓ, ਫ਼ੋਟੋ ਤਿਆਰ ਹਨ?" ਉਨ੍ਹਾਂ ਹੱਥ ਜੋੜ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਜੀਓ, ਆਪ ਜੀ ਦੇ ਸੀਸ ਦਾ ਫ਼ੋਟੂ ਸਾਥੋਂ ਨਹੀਂ ਬਨਿਆ । ਅਸੀਂ ਬਹੁਤ ਕੋਸ਼ਿਸ਼ ਕਰ ਚੁੱਕੇ ਹਾਂ" । ਗੁਰੂ ਸਾਹਿਬ ਜੀ ਨੇ ਤੀਰ ਨਾਲ ਨਕਸ਼ਾ ਖਿਚ ਕੇ ਕਿਹਾ ਕਿ ਹੁਣ ਬਨਾਓ, ਹੁਣ ਬਣ ਜਾਏਗਾ । ਦੋਵੇਂ ਫ਼ੋਟੂ ਤਿਆਰ ਹੋਣ ਪੁਰ ਗੁਰੂ ਸਾਹਿਬ ਜੀ ਦੇ ਪਾਸ ਦੀਵਾਨ ਵਿਚ ਲਿਆਕੇ ਪੇਸ਼ ਕੀਤੇ । ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਮਨਬਾਂਛਤ ਧਨ ਦਿੱਤਾ । ਮਹਾਰਾਜ ਜੀ ਨਾਰਾਜ਼ ਨਹੀਂ ਹੋਏ, ਬਲਕਿ ਉਨ੍ਹਾਂ ਨੂੰ ਔਰ ਇਨਾਮ ਭੀ ਦਿੱਤੇ । ਉਸ ਤੋਂ ਬਾਦ ਦੋਵੇਂ ਫ਼ੋਟੋ ਗੁਰੂ ਸਾਹਿਬ ਜੀ ਨੇ ਭਾਈ ਬਿਧੀ ਚੰਦ ਜੀ ਨੂੰ ਦਿੱਤੇ, ਜੋ ਹੁਣਿ ਤਕ ਸੁਰ ਸਿੰਘ ਪਿੰਡ ਵਿਚ ਬਾਬਾ ਸੋਹਣ ਸਿੰਘ ਜੀ ਤਰਨਾ ਦਲ ਦੇ ਜੱਥੇਦਾਰ ਦੇ ਪਾਸ ਮੌਜੂਦ ਹਨ, ਜੋ ਕਿ ਬਾਬਾ ਸੋਹਣ ਸਿੰਘ ਜੀ ਪੂਰੇ ਦਲ ਨੂੰ ਤੀਨ ਸੌ ਸਾਲਾ ਗੁਰਪੁਰਬ ਪਟਨੇ ਸਾਹਿਬ ਪੈਦਲ ਯਾਤਰਾ ਕਰਦੇ ਸ੍ਰੀ ਹਜ਼ੂਰ ਸਾਹਿਬ ਆਏ ਤੇ ਬੰਦੇ ਘਾਟ ਡੇਰਾ ਕੀਯਾ । ਉਥੇ ਤਖ਼ਤ ਸਾਹਿਬ ਦੇ ਪੰਜ ਪਿਆਰਿਆਂ ਤੇ ਸੰਗਤਾਂ ਨੂੰ ਦਰਸ਼ਨ ਕਰਾਏ । ਓਸ ਫ਼ੋਟੂ ਦੇ, ਤੇ ਬਾਬਾ ਬਿਧੀ ਚੰਦ ਜੀ ਨੇ ਜੋ ਗੁਰੂ ਗ੍ਰਿੰਥ ਸਾਹਿਬ ਲਿਖੇ, ਸੋ ਭੀ ਦਰਸ਼ਨ ਕਰਾਏ ਸਨ ।

ੴ

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥ ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ [੪]

ਏਕ ਦਫ਼ਾ ਅਨੰਦਪੁਰ ਸਾਹਿਬ ਕਲਗੀਧਰ ਪਾਤਸ਼ਾਹ ਜੀ ਦਾ ਅਰਸ਼ੀ ਦੀਵਾਨ ਲਗਾ ਹੋਇਆ ਸੀ । ਇੰਦਰਪੁਰੀ ਦੀ ਸਭਾ ਨੂੰ ਭੀ ਮਾਤ ਕਰ ਰਿਹਾ ਸੀ । ਕਲਗੀਧਰ ਦਸ਼ਮੇਸ਼ ਪਿਤਾ ਜੀ ਸਿੰਘਾਸਨ ਤੇ ਸੁਸ਼ੋਭਿਤ ਸਨ । ਏਕ ਤਰਫ਼ ਰਾਗੀ ਸਿੰਘ ਕੀਰਤਨ ਕਰ ਰਹੇ ਸਨ, ਏਕ ਤਰਫ਼ (੫੨) ਬਵੰਜਾ ਕਵੀ ਬੈਠੇ ਸਨ । ਏਕ ਤਰਫ਼ ਸਨੱਧ-ਬੱਧ ਸੂਰਮੇ ਬੈਠੇ ਸਨ । ਏਕ ਤਰਫ਼ ਸੰਤ, ਮਹਾਤਮਾ, ਰਿਖੀ, ਮੁਨੀ, ਸਾਧੂ, ਸੰਤ, ਤਪਸੀ ਬੈਠੇ ਸਨ । ਠੀਕ ਇਸ ਸਮੇਂ ਭਾਈ ਨੰਦਲਾਲ ਜੀ ਆਏ । ਸਤਿਗੁਰੂ ਸਾਹਿਬ ਜੀ ਨੂੰ ਨਮਸਕਾਰ ਕਰਕੇ ਵ ਮੱਥਾ ਟੇਕ ਕੇ ਹੱਥ ਜੋੜ ਕਰ ਖੜੇ ਹੋ ਕਰ ਚਾਰੋਂ ਤਰਫ਼ ਨਿਗ੍ਹਾ ਮਾਰੀ । ਉਸ ਵਕਤ ਗੁਰੂ ਸਾਹਿਬ ਜੀ ਇਸਤਰ੍ਹਾਂ ਸ਼ੋਭਾ ਦੇ ਰਹੇ ਸਨ ਕਿ ਜਿਸਤਰ੍ਹਾਂ ਬੈਕੁੰਠ ਵਿਚ ਵਿਸ਼ਨੂੰ ਭਗਵਾਨ ਸ਼ੋਭਾ ਦੇਂਦੇ ਹਨ । ਵ ਜਿਸਤ੍ਰਾਂ ਤਾਰਾ ਮੰਡਲ ਵਿਚ ਪੁੰਨਿਆ ਦਾ ਚੰਦ੍ਰਮਾ ਸ਼ੋਭਾ ਦੇਂਦਾ ਹੈ । ਏਹ ਅਸਚਰਜ ਸਰੂਪ ਦੇਖ ਕਰ ਸਭਾ ਦਾ, ਔਰ ਦੀਵਾਨ ਦੀ ਛੱਬ ਦੇਖ ਕਰ ਭਾਈ ਨੰਦਲਾਲ ਜੀ ਬੜੀ ਜ਼ੋਰ ਦਾ ਆਵਾਜ਼ ਦਿੱਤਾ, "ਭਾਈ, ਇਸ ਦੀਵਾਨ ਵਿੱਚ ਕੋਈ ਮੁਸੱਵਰ ਹੈ? ਫ਼ੋਟੋਗ੍ਰਾਫ਼ ਹੈ? ਇਸ ਵਖਤ ਮਹਾਰਾਜ ਜੀ ਦਾ ਫ਼ੋਟੋ ਖੀਂਚੋ ।" ਇਤਨਾ ਬੋਲ ਕਰ, ਸਾਮਨੇ ਤੋਂ ਕੋਈ ਆਵਾਜ਼ ਨਾ

---

[੪] ਗਉੜੀ ਬਾਵਨ ਅਖਰੀ ਮਹਲਾ ੫, ਸਲੋਕੁ, ਪੰਨਾ ੨੫੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਆਵਨ ਕਰਕੇ ਅਪਨੀ ਗ਼ਜ਼ਲ ਦੁਵਾਰਾ ਮਹਾਰਾਜ ਜੀ ਦਾ ਫ਼ੋਟੋ ਇਸਤਰ੍ਹਾਂ ਖਿਚਨ ਲਗੇ । ਇਸ ਦਾ ਵਰਨੰਨ ਇਸ ਗ਼ਜ਼ਲ ਵਿਚ ਹੈ: -

### ਗ਼ਜ਼ਲ ਭਾਈ ਨੰਦਲਾਲ ਜੀ

ਮੁਸੱਵਰ ਖੈਂਚ ਲੇ ਤਸਵੀਰ ਅਗਰ ਤੁਝ ਕੋ ਰਸਾਈ ਹੈ ।
ਦਸਮ ਗੁਰ ਬੈਠੇ ਮਸਨਦ ਪਰ, ਸਭਾ ਅਪਨੀ ਲਗਾਈ ਹੈ ।
ਕਮਾਨੋ ਤੀਰ ਹਾਥੋਂ ਮੇਂ, ਕਮਰ ਤਲਵਾਰ ਬਾਂਧੀ,
ਨਈ ਪੁਸ਼ਾਕ ਪਹਿਨੀ ਹੈ, ਕਿ ਸਿਰ ਕਲਗ਼ੀ ਸਜਾਈ ਹੈ ।
ਹਜ਼ਾਰੋਂ ਸਿੱਖ ਓ ਸੇਵਕ ਚਲੇ ਦਰਸ਼ਨ ਕੋ ਆਤੇ ਹੈਂ,
ਨਹੀਂ ਦੀਵਾਨ ਮੇਂ ਰਖਨੇ ਕੋ ਇਕ ਤਿਲ ਕੀ ਸਮਾਈ ਹੈ ।
ਸਿਤਾਰੋਂ ਕੀ ਭਰੀ ਮਹਿਫ਼ਿਲ ਮੇਂ ਰੌਸ਼ਨ ਚਾਂਦ ਚੌਦਸ ਕਾ,
ਅਤਾਰ ਦਨੇ ਮੂਨਵਲ ਤਸਵੀਰ ਅਪਨੀਆ ਦੀਖਾ ਹੈ ।
ਅਜਬ ਬਾਂਕੀ ਅਦਾ ਮੇਂ ਸ਼ੇਰ ਕੋ ਪੜ੍ਹ ਪੜ੍ਹ ਸੁਨਾਤਾ ਹੈ ।
ਕਿ ਜਿਸ ਕੀ ਤਰਜ਼ ਦਿਲਕਸ਼ ਸਤਿਗੁਰੂ ਕੇ ਮਨ ਕੋ ਭਾਈ ਹੈ ।
ਅਗਰ ਹੈ ਪ੍ਰੇਮ ਸਤਿਗੁਰੂ ਕਾ, ਗ੍ਰੀਬ ਅਸ਼ਯਾਰ ਗੋਯਾ ਪੜ੍ਹ,
ਕਿ ਜਿਸ ਮੇਂ ਦਿਲਕਸ਼ੀ ਹੈ, ਦਿਲਬਰੀ ਹੈ, ਦਿਲਰੁਬਾਈ ਹੈ ।

ਇਸ ਪ੍ਰਸੰਗ ਤੋਂ, ਔਰ ਗ਼ਜ਼ਲ ਤੋਂ ਸ਼ੰਕਾਵਾਦੀ ਪ੍ਰੇਮੀਆਂ ਨੂੰ ਵਿਚਾਰਨਾ ਚਾਹੀਏ । ਅਗਰ ਫ਼ੋਟੋ ਗੁਰਮਤ ਦੇ ਵਿਰੁਧ ਹੁੰਦਾ, ਉਸੇ ਵਕਤ ਗੁਰੂ ਸਾਹਿਬ ਭਾਈ ਨੰਦ ਲਾਲ ਜੀ ਨੂੰ ਰੋਕਦੇ ਔਰ ਸਾਰੀ ਸੰਗਤ ਵਿਚ ਸੁਣਾਂਵਦੇ ਵ ਫ਼ੁਰਮਾਉਂਦੇ, ਜਿਸ ਤੇ ਸਾਰੇ ਦੀਵਾਨ ਨੂੰ ਗਿਆਨ ਹੋ ਜਾਂਦਾ ਵ ਮਹਾਰਾਜ ਜੀ ਦੇ ਹੁਕਮ ਦਾ ਪਤਾ ਲਗ ਜਾਂਦਾ, ਪਰ ਗੁਰੂ ਸਾਹਿਬ ਭਾਈ ਨੰਦ ਲਾਲ ਜੀ ਦੀ ਬਾਣੀ ਸੁਣ ਕੇ ਨਾਰਾਜ਼ ਨਹੀਂ ਹੋਏ, ਬਲਕਿ ਸੁਣਨ ਤੋਂ ਬਾਦ ਪੁੱਛਿਆ ਕਿ ਭਾਈ ਤੇਰੀ ਇਸ ਰਚਨਾ ਦਾ ਨਾਮ ਕੀ ਰਖਿਯਾ ਹੈ? ਭਾਈ ਸਾਹਿਬ ਹਥ ਜੋੜ ਕੇ ਬੜੇ ਅਦਬ ਨਾਲ ਦਸਯਾ ਕਿ ਮਹਾਰਾਜ ਜੀਓ, ਆਪ ਜੀ ਦੀ ਪ੍ਰੇਰਨਾ ਦੁਵਾਰਾ 'ਬੰਦਗੀਨਾਮਾ' ਰਖਿਆ ਹੈ । ਸੁਣਿ ਕਰ ਦਸਮੇਸ਼ ਪਿਤਾ ਜੀ ਬੜੇ ਪ੍ਰਸੰਨ ਹੋਏ ਵ ਖ਼ੁਸ਼ ਹੋਏ । ਫ਼ੁਰਮਾਯਾ ਕਿ ਭਾਈ ਏਹ 'ਬੰਦਗੀਨਾਮਾ' ਨਹੀਂ ਹੈ, ਬਲਕਿ 'ਜ਼ਿੰਦਗੀਨਾਮਾ' ਹੈ । ਸਾਧ ਸੰਗਤ ਜੀਓ, ਏਸ ਖ਼ੁਸ਼ੀ ਦਾ ਭਾਉ ਅਰਥ ਏਹ ਹੈ ਕਿ ਗੁਰੂ ਸਾਹਿਬ ਫ਼ੋਟੋ ਬਾਰੇ ਨਾਰਾਜ਼ ਨਹੀਂ ਹੋਏ, ਬਲਕਿ ਖ਼ੁਸ਼ ਹੋਏ ਔਰ ਗੁਰਬਾਣੀ ਵਿਚ ਮਹਾਰਾਜ ਹੁਕਮ ਦੇਂਦੇ ਹਨ ਵ ਹੁਕਮ ਫ਼ੁਰਮਾਂਵਦੇ ਹਨ, " ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥"

ਕਬਿੱਤ

ਹਮਾਰੇ ਦਿਲ ਕੇ ਐਨੋ ਮੇਂ ਹੈ ਤਸਵੀਰ ਨਾਨਕ ਕੀ । ਜਿਗਾਰਤ ਹੋਤੀ ਰਹਿਤੀ ਹੈ, ਇਸੀ ਤਸਵੀਰ ਨਾਨਕ ਕੀ । ਗੁਰੂ ਨਾਨਕ ਕੇ ਆਨੇ ਸੇ ਜ਼ਮਾਨਾ ਹੋ ਗਿਆ ਰੌਸ਼ਨ, ਮਰੀਜ਼ੋਂ ਨੇ ਸ਼ਫ਼ਾ ਪਾਈ, ਬਹਾਰੇ-ਜ਼ਿੰਦਗੀ ਆਈ । ਸੁਨਾ ਹੈ ਏਕ ਖ਼ਾਕ ਕੀ ਚੁਟਕੀ ਭੀ ਹੈ ਅਕਸ਼ੀਰ ਨਾਨਕ ਕੀ, ਚਾਂਦ ਔਰ ਸੂਰਜ ਕੋ ਕਰਤੀ ਥੀ ਰੌਸ਼ਨ ਆਂਖ ਨਾਨਕ ਕੀ ।

ਸਾਰੰਗ ਮਹਲਾ ੫ ਚਉਪਦੇ ਘਰੁ ੧ ੴ ਸਤਿਗੁਰ ਪ੍ਰਸਾਦਿ ॥ ਸਤਿਗੁਰ ਮੂਰਤਿ ਕਉ ਬਲਿ ਜਾਉ ॥ ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ ਸਫਲ ਦਰਸਨੁ ਕਦਿ ਪਾਂਉ ॥ ੧ ॥ ਰਹਾਉ ॥ ਅਨਾਥਾ ਕੋ ਨਾਥੁ ਸਰਬ ਪ੍ਰਤਿਪਾਲਕੁ ਭਗਤਿ ਵਛਲੁ ਹਰਿ ਨਾਉ ॥ ਜਾ ਕਉ ਕੋਇ ਨ ਰਾਖੈ ਪ੍ਰਾਣੀ ਤਿਸੁ ਤੂ ਦੇਹਿ ਅਸਰਾਉ ॥ ੧ ॥ ਨਿਧਰਿਆ ਧਰ ਨਿਗਤਿਆ ਗਤਿ ਨਿਥਾਵਿਆ ਤੂ ਥਾਉ ॥ ਦਹ ਦਿਸ ਜਾਂਉ ਤਹਾਂ ਤੂ ਸੰਗੇ ਤੇਰੀ ਕੀਰਤਿ ਕਰਮ ਕਮਾਉ ॥ ੨ ॥ ਏਕਸੁ ਤੇ ਲਾਖ ਲਾਖ ਤੇ ਏਕਾ ਤੇਰੀ ਗਤਿ ਮਿਤਿ ਕਹਿ ਨ ਸਕਾਉ ॥ ਤੂ ਬੇਅੰਤੁ ਤੇਰੀ ਮਿਤਿ ਨਹੀ ਪਾਈਐ ਸਭੁ ਤੇਰੋ ਖੇਲੁ ਦਿਖਾਉ ॥ ੩ ॥ ਸਾਧਨ ਕਾ ਸੰਗੁ ਸਾਧ ਸਿਉ ਗੋਸਟਿ ਹਰਿ ਸਾਧਨ ਸਿਉ ਲਿਵ ਲਾਉ ॥ ਜਨ ਨਾਨਕ ਪਾਇਆ ਹੈ ਗੁਰਮਤਿ ਹਰਿ ਦੇਹੁ ਦਰਸੁ ਮਨਿ ਚਾਉ ॥ ੪ ॥ ੧ ॥ [5]

ਸਾਧ ਸੰਗਤ ਜੀਓ, ਸ਼ੰਕਾਵਾਦੀਆਂ ਨੂੰ ਕੰਨ ਦੇ ਕਰ ਸੁਣਨਾ ਚਾਹੀਏ ਕਿ ਗੁਰੂ ਸਾਹਿਬ ਜੀ ਮਨ੍ਹਾਂ ਕਰਦੇ ਹਨ ਕਿ ਹੁਕਮ ਦੇਂਦੇ ਹਨ ਕਿ ਸਤਿਗੁਰ ਮੂਰਤਿ ਕਉ ਬਲਿ ਜਾਉ? ਅਰਥ ਭਾਵ ਕਿ ਗੁਰੂ ਕੀ ਮੂਰਤਿ ਤੋਂ ਬਲਿਹਾਰ, ਕੁਰਬਾਨ । ਅਗਲੀ ਤੁਕ ਵਿਚ ' ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ ਸਫਲ ਦਰਸਨੁ ਕਦਿ ਪਾਂਉ ॥ ' ਭਾਵ, ਕਿ ਗੁਰ ਮੂਰਤਿ ਨੂੰ ਦੇਖ ਦੇਖ ਕੇ ਅੰਦ੍ਰ ਅਪਨੇ ਇਤਨੀ ਪਿਆਸ ਉਪਜਦੀ ਹੈ, ਜਿਸਤਰ੍ਹਾਂ ਕਿ ਚਾਤ੍ਰਿਕ ਨੂੰ ਜਲ ਦੀ ਜਦ ਪਿਆਸ ਲਗੀ, ਤਾਂ ਆਪ ਮੁਹਾਰੇ ਅੰਦਰੋਂ ਇਸ ਭਾਉ ਦੇ ਬਚਨ ਨਿਕਲੇ 'ਸਫਲ ਦਰਸਨੁ ਕਦਿ ਪਾਂਉ ॥' ਅਗਰ ਉਸ ਵਖਤ ਗੁਰੂ ਸਾਹਿਬ ਸਾਮਨੇ ਹੁੰਦੇ, ਤਾਂ ਜਗਿਯਾਸੂ ਇਸਤ੍ਰਾਂ ਕਦੇ ਨਾ ਕਹਿੰਦਾ ਕਿ 'ਸਫਲ ਦਰਸਨੁ ਕਦਿ ਪਾਂਉ' । ਏਹ ਗੁਰ ਮੂਰਤਿ ਨੂੰ ਦੇਖ ਕੇ ਹੀ ਪਿਆਸ ਲਗੀ ਔਰ ਮਿਲਨ ਔਰ ਦਰਸ਼ਨ ਕਰਨ ਦਾ ਚਾਉ ਉਪਜਾ ।

ਬਵੰਜਾ ਕਵੀਆਂ ਵਿੱਚੋਂ ਕਵੀ ਬਿਹਾਰੀ ਦੀ ਸਦ ਭਾਉ ਕਵਿਤਾ: -

ਆਸ਼ਕ ਆਸ਼ਕ ਸਭ ਕੋਈ ਆਖੈ ਟੇਢੀ ਪਗਰੀ ਧਰ ਕੇ ।
ਸਿਰ ਤੇ ਪਰੇ ਇਸ਼ਕ ਦਾ ਡੇਰਾ, ਸਭ ਮੁੜ ਆਏ ਡਰ ਕੇ ।
ਮਾਨ ਸੁਨੀ ਤੇ ਖ਼ੁਦੀ ਤਕੱਬਰ ਕੋਈ ਨ ਰਹਿਓ ਜਰ ਕੇ ।
ਸਜਨਾਂ ਦੇ ਉਸ ਮਹਿਲ ਬਿਹਾਰੀ ਕੋਈ ਆਸ਼ਕ ਪਹੁਚਾ ਮਰ ਕੇ ।

[5] ਪੰਨਾ ੧੨੦੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਇਸ਼ਕ ਨਗੀਨਾ ਸੋਈ ਜਾਣਨ ਜੇਹੜੇ ਹੋਵਨ ਆਪ ਨਗੀਨੇ ।
ਇਸ਼ਕ ਮੁਸ਼ਕ ਦੀ ਸਾਰ ਕੀ ਜਾਣਨ, ਕੋਈ ਕਾਇਰ ਲੋਕ ਕਮੀਨੇ ।
ਇਸ਼ਕ ਨਹੀਂ ਕੋਈ ਤਿੱਖੀਆਂ ਛੁਰੀਆਂ ਘਾਉ ਕਰਨ ਵਿਚ ਸੀਨੇ ।
ਤਨ ਦੀਆਂ ਤਪਤਾਂ ਮਿਟਨ ਬਿਹਾਰੀ ਜੇ ਦਿਸਨ ਗੁਰੂ ਨਗੀਨੇ ।

ਆਓ, ਭਾਈ ਸ਼ੰਕਾਵਾਦੀ ਪ੍ਰੇਮੀਓ, ਆਪਸ ਵਿਚ ਗੁਰੂ ਸਾਹਿਬਾਂ ਦੇ ਬਾਰੇ ਵੀਚਾਰ ਕਰੀਏ । ਏਕ ਦਫ਼ਾ ਅਸੀਂ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦਰਸ਼ਨਾਂ ਲਈ ਗਏ । ਇਸ਼ਨਾਨ ਕਰਕੇ ਦਰਸ਼ਨ ਕਰਕੇ, ਸ੍ਰੀ ਅਕਾਲ ਤਖ਼ਤ ਸਾਹਿਬ ਦਰਸ਼ਨਾਂ ਲਈ ਗਏ । ਜਾ ਕੇ ਨਮਸਕਾਰ ਕੀਤੀ ਵ ਮਥਾ ਟੇਕਿਆ । ਦਰਸ਼ਨ ਕਰਕੇ ਪ੍ਰਕਰਮਾ ਲੈਣ ਲਗੇ । ਪ੍ਰਕਰਮਾ ਵਿੱਚ ਸਾਮਨੇ ਪਾਸੇ ਮਹਾਰਾਜ ਜੀ ਦਾ ਬੜਾ ਫ਼ੋਟੋ ਲਗਾ ਹੋਯਾ ਹੈ, ਜਿਸ ਫ਼ੋਟੋ ਵਿਚ ਮਹਾਰਾਜ ਜੀ ਦੇ ਚਰਨ ਵਿਚ ਪਦਮ ਰੇਖਾ ਹੈ । ਭਾਈ ਪ੍ਰੇਮੀਓ, ਜੇ ਫ਼ੋਟੋ ਗੁਰ ਮ੍ਰਿਜਾਦਾ ਦੇ ਉਲਟ ਹੁੰਦਾ, ਤਾਂ ਹੁਣ ਤਕ ਸ਼੍ਰੋਮਣੀ ਕਮੇਟੀ ਕਿਉਂ ਰਖਦੀ? ਅਗਰ ਇਉਂ ਕਹਿ ਲਿਆ ਜਾਏ ਕਿ ਏਹ ਪਹਿਲੇ ਪੂਜਾਰੀਆਂ ਦੇ ਵਕਤ ਤੋਂ ਹੀ ਲੱਗਾ ਹੋਯਾ ਹੈ, ਇਸ ਦਾ ਵੀ ਜਵਾਬ ਸੁਣੋ । ਜਿਸ ਵਖਤ ਅਸੀਂ ਪੂਰੀ ਪ੍ਰਕਰਮਾ ਕਰਕੇ ਦਰਸ਼ਨ ਕਰਕੇ ਅਕਾਲ ਤਖ਼ਤ ਤੋਂ ਹੇਠਾਂ ਆ ਕੇ ਸਰੋਵਰ ਦੀ ਪ੍ਰਕਰਮਾ ਕਰਨ ਲਗੇ । ਜਿਸ ਵਕਤ ਅਸੀਂ ਬਾਬੇ ਦੀ ਬੇਰ ਕੋਲ ਪਹੁੰਚੇ, ਤਾਂ ਉਥੋਂ ਸਾਮਨੇ ਦਰਸ਼ਨੀ ਡੇਉਢੀ ਨਹੀਂ ਬਨੀ ਹੂਈ ਦੇ ਦਰਸ਼ਨ ਹੋਏ । ਕੁਛ ਪ੍ਰੇਮੀਆਂ ਦੀ ਪ੍ਰੇਰਨਾ ਦੁਵਾਰਾ ਉਤਲੀ ਛਤ ਤੇ ਜਾ ਕੇ ਦਰਸ਼ਨ ਕੀਤੇ, ਤਾਂ ਸਾਰੀਆਂ ਕੰਧਾਂ ਫ਼ੋਟੋਆਂ ਨਾ ਭਰੀਆਂ ਹੋਈਆਂ ਸਨ । ਇਸ ਦਾ ਨਾਉਂ ਅਜਾਇਬ ਘਰ ਰਖਿਆ ਹੋਇਆ ਹੈ । ਦੱਸੋ ਭਾਈ ਸ਼ੰਕਾਵਾਦੀਓ, ਕਿ ਸ਼੍ਰੋਮਣੀ ਕਮੇਟੀ ਨੇ ਓਹ ਫ਼ੋਟੋ ਅਜਾਇਬ ਘਰ ਵਿਚ ਕਿਉਂ ਲਾਏ ਔਰ ਕਿਉਂ ਲਗਾਉਣ ਦੀ ਆਗਿਯਾ ਦਿੱਤੀ ਹੈ? ਦਰਸ਼ਨ ਕਰਕੇ ਅਸੀਂ ਹੇਠਾਂ ਆਏ । ਫੇਰ ਪ੍ਰਕਰਮਾ ਸ਼ੁਰੂ ਕੀਤੀ । ਦੁਖਭੰਜਨੀ ਬੇਰੀ ਸਾਹਿਬ ਤੋਂ ਲੰਘ ਕੇ ਮੰਜੀ ਸਾਹਿਬ ਦੀ ਤਰਫ਼ੋਂ ਲੰਘਦੇ ਹੋਏ ਬਾਬਾ ਅਟਲ ਸਾਹਿਬ ਜੀ ਦਰਬਾਰ ਦੇ ਜਾ ਦਰਸ਼ਨ ਕੀਤੇ । ਮਥਾ ਟੇਕ ਕੇ ਪ੍ਰਕਰਮਾ ਅੰਦਰਲੀਆਂ ਲੈਣ ਲਗੇ ਦੇਖਿਆ ਕਿ ਸਾਰੀਆਂ ਕੰਧਾਂ ਤੇ ਫ਼ੋਟੋ ਖਿਚੇ ਹੋਏ ਹਨ । ਉਸ ਤੋਂ ਉਪਰਲੀ ਛੱਤ ਵਿਚ ਗਏ, ਤਾਂ ਗੁਰੂ ਨਾਨਕ ਸਾਹਿਬ ਜੀ ਦੇ ਸਾਖੀਆਂ ਦੁਆਰਾ ਖਿਚੇ ਹੂਏ ਫ਼ੋਟੋ ਦੇ ਦਰਸ਼ਨ ਹੂਏ । ਏਹ ਦਰਬਾਰ ਭੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਕਬਜ਼ੇ ਵਿੱਚ ਹੈ । ਇਥੇ ਇਤਰਾਜ਼ ਕਰਕੇ ਕੰਧਾਂ ਤੇ ਸਫ਼ੇਦ ਪਲਸਤਰ ਕਿਉਂ ਨਹੀਂ ਕਰਾਇਆ ਗਿਆ? ਇਸ ਤਰ੍ਹਾਂ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਕਬਜ਼ੇ ਵਿਚ ਖਡੂਰ ਸਾਹਿਬ ਹੈ । ਉਥੇ ਭੀ ਫ਼ੋਟੋ ਮੌਜੂਦ ਹੈ । ਇਸ ਤਰ੍ਹਾਂ ਅਨੇਕਾਂ ਗੁਰਦਵਾਰੇ ਵਿਚ ਮੌਜੂਦ ਹੈ । ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਫ਼ੋਟੋ ਦਿੱਲੀ ਗੁਰਦਵਾਰੇ ਸਾਹਿਬ ਸੀਸ ਗੰਜ ਵਿਚ ਭੀ ਮੌਜੂਦ ਹੈ ਔਰ ਤਖ਼ਤ ਕੇਸਗੜ੍ਹ ਸਾਹਿਬ ਔਰ ਤਖ਼ਤ ਪਟਨਾ ਸਾਹਿਬ ਵਿਚ ਭੀ ਮੌਜੂਦ ਹੈ । ਬਾਹਰੋਂ ਆਏ ਯਾਤਰੂਆਂ ਵਿਚੋਂ ਚੰਦ ਆਦਮੀ ਸ਼ੰਕਾਵਾਦੀ ਹੁੰਦੇ ਹਨ । ਉਨ੍ਹਾਂ ਦੀ ਮਿਸਾਲ ਓਹ ਪੰਡਤ ਵਾਲੀ ਹੁੰਦੀ ਹੈ ਕਿ ਪੰਡਤ ਜੀ ਏਹ ਕਥਾ ਕਰ ਰਹੇ ਸਨ । ਉਨ੍ਹਾਂ ਨੇ ਸਭਾ ਵਿਚ ਸੁਨਾਯਾ ਕਿ ਆਜ ਬੜੀ ਏਕਾਦਸ਼ੀ ਹੈ । ਅੱਜ ਦੇ ਦਿਨ ਬੈਂਗਨ ਨਹੀਂ ਖਾਣਾ ਚਾਹੀਏ । ਉਸ ਵਕਤ ਪੰਡਤ ਜੀ ਦੀ ਘਰ ਵਾਲੀ ਸਭਾ ਵਿਚ ਬੈਠੀ ਸੀ, ਕਥਾ ਸੁਣ ਰਹੀ ਸੀ । ਓਹ ਘਰ ਆਈ । ਉਸ ਵਕਤ ਘਰ ਵਿਚ ਸਿਰਫ਼ ਬੈਂਗਨ

ਹੀ ਮੌਜੂਦ ਸਨ । ਰੋਟੀ ਬਣਾ ਕੇ ਪੰਡਤ ਜੀ ਦਾ ਰਸਤਾ ਦੇਖਨ ਲਗੀ । ਪੰਡਤ ਜੀ ਬਹੁਤ ਦੇਰ ਬਾਦ ਆਏ ਰੋਟੀ ਖਾਣ ਦੇ ਟੈਮ । ਜਦ ਪੰਡਤ ਜੀ ਦੀ ਘਰ ਵਾਲੀ ਨੇ ਰੋਟੀ ਥਾਲੀ ਵਿਚ ਰਖ ਕੇ ਅਗੇ ਰਖੀ, ਤਾਂ ਪੰਡਤ ਜੀ ਨੇ ਕਿਹਾ ਕਿ ਅਜ ਭਾਜੀ ਨਹੀਂ ਬਨਾਈ? ਘਰ ਵਾਲੀ ਨੇ ਕਿਹਾ ਕਿ ਘਰ ਭਾਜੀ ਮੌਜੂਦ ਨਹੀਂ ਸੀ । ਪੰਡਤ ਜੀ ਨੇ ਕਿਹਾ ਕਿ ਕਲ੍ਹ ਜੋ ਬਾਜ਼ਾਰ ਤੋਂ ਬੈਂਗਨ ਲਿਆ ਕੇ ਦਿੱਤੇ ਸੀ, ਓਹ ਕਿਉਂ ਨਹੀਂ ਬਨਾਏ? ਪੰਡਤਾਨੀ ਜੀ ਨੇ ਕਿਹਾ, "ਸੁਆਮੀ ਜੀਓ, ਅਜ ਆਪ ਜੀ ਨੇ ਕਥਾ ਵਿਚ ਸੁਨਾਇਆ ਸੀ ਕਿ ਆਜ ਏਕਾਦਸ਼ੀ ਹੈ, ਆਜ ਬੈਂਗਨ ਨਹੀਂ ਖਾਨਾ ਚਾਹੀਏ" । ਪੰਡਤ ਜੀ, "ਓਹ ਭੋਲੀਏ, ਓਹ ਤਾਂ ਲੋਕਾਂ ਵਾਸਤੇ ਕਿਹਾ ਸੀ ਕਿ ਅਪਨੇ ਘਰ ਵਾਸਤੇ ਕਿਹਾ ਸੀ" । ਸੋ ਸਾਧ ਸੰਗਤ ਜੀਓ, ਸ਼ੰਕਾਵਾਦੀਆਂ ਦਾ ਓਹ ਹੀ ਹਾਲ ਹੈ । ਘਰਾਂ ਵਿਚ ਤਾਂ ਪਿਓ ਦਾਦੇ ਦੇ ਫ਼ੋਟੋ ਲੱਗੇ ਹੁੰਦੇ ਹਨ । ਆਪ ਯਾ ਘਰਵਾਲੀ ਸਫਾਈ ਵੀ ਕਰਦੇ ਹਨ ਯਾ ਨੌਕਰ । ਕਈਆਂ ਘਰਾਂ ਵਿਚ ਸ਼ੰਕਾਵਾਦੀਆਂ ਦੇ, ਸਿਨੇਮਾ ਦੇ ਐਕਟਰਾਂ ਦੇ ਫ਼ੋਟੋ ਲਗੇ ਹੁੰਦੇ ਹਨ ਤੇ ਉਨ੍ਹਾਂ ਦੀ ਪੂਜਾ ਹੁੰਦੀ ਰਹਿੰਦੀ ਹੈ, ਭਾਵ ਕਿ ਸਫ਼ਾਈ ਸਜਾਵਟ ਹੁੰਦੀ ਰਹਿੰਦੀ ਹੈ । ਏਹੋ ਜੇਹਾਂ ਵਾਸਤੇ ਦਸ਼ਮੇਸ਼ ਪਿਤਾ ਜੀ ਨੇ ਅਪਨੀ ਮੁਖਵਾਕ ਬਾਣੀ ਵਿਚ ਇਸਤਰ੍ਹਾਂ ਫੁਰਮਾਯਾ ਹੈ: - ਪ੍ਰਮਾਣ "ਔਰਨ ਕਹ ਉਪਦੇਸ਼ਤ ਹੈ ਪਸੁ ਤੋਹਿ ਪ੍ਰਬੋਧ ਨ ਲਾਗੋ॥[੬] (ਰਾਮਕਲੀ ਪਾ: ੧੦)

ਏਕ ਦਫ਼ਾ ਏਕ ਸ਼ੰਕਾਵਾਦੀ ਗੁਰਸਿਖ ਟਿੰਡ ਬੁੰਗੇ ਆਯਾ । ਟਿੰਡ ਬੁੰਗੇ ਵਿਚ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਮਹਾਰਾਜ ਪ੍ਰਕਾਸ਼ ਸਨ । ਸਾਮਨੇ ਦਸਮ ਪਾਤਸ਼ਾਹ ਜੀ ਦਾ ਫ਼ੋਟੋ ਸਜਾ ਹੋਇਆ ਸੀ । ਸਿੰਘ ਦੇਖ ਕੇ ਖੜਾ ਹੋ ਗਯਾ । ਮੱਥਾ ਨ ਟੇਕੇ । ਚਾਰੋਂ ਤਰਫ਼ ਬੁੰਗੇ ਵਿੱਚ ਨਿਗ੍ਹਾ ਮਾਰੀ । ਸਾਰੇ ਗੁਰੂ ਸਾਹਿਬਾਂ ਦੇ ਫ਼ੋਟੋ ਲਗੇ ਹੂਏ । ਇਥੇ ਘਰਵਾਲੀ ਨੂੰ ਸ਼ੰਕਾਵਾਦੀ ਕਹਿਣ ਲੱਗਾ ਬੜਾ ਗਰਮੀ ਵਿੱਚ, "ਦੇਖੋ, ਕਿਤਨੀ ਮਨਮਤ ਹੈ । ਅਸੀਂ ਫ਼ੋਟੋ ਨੂੰ ਨਹੀਂ ਮੰਨਦੇ । ਇਨ੍ਹਾਂ ਨੇ ਗੁਰੂ ਗ੍ਰਿੰਥ ਸਾਹਿਬ ਦੇ ਸਾਮਨੇ ਰਖ ਕੇ ਮਥਾ ਟਿਕਾਉਣ ਦਾ ਢੌਂਗ ਰਚਿਆ ਹੈ" । ਅਸੀਂ ਬੜੇ ਗ਼ੌਰ ਨਾਲ ਉਦ੍ਹੇ ਬਚਨ, ਗੱਲਾਂ ਬਾਤਾਂ ਸੁਣਦੇ ਰਹੇ । ਅਸਾਂ ਸ਼ੰਕਾਵਾਦੀ ਨੂੰ ਪੁਛਿਆ ਕਿ ਭਾਈ ਪ੍ਰੇਮੀਆ, ਅਸੀਂ ਤੈਨੂੰ ਏਕ ਗਲ ਪੁਛਦੇ ਹਾਂ, ਤੂੰ ਸੱਚ ਕਹੇਂਗਾ? ਬੜਾ ਗਰਮੀ ਵਿੱਚ ਆ ਕੇ ਕਹਿਣ ਲੱਗਾ, "ਮੈਂ ਝੂਠ ਕਿਉਂ ਕਹਾਂਗਾ?" "ਅੱਛਾ ਭਾਈ ਪ੍ਰੇਮੀਆ, ਏਹ ਤਾਂ ਦੱਸੋ ਕਿ ਤੂੰ ਸਿਨੇਮਾ, ਖੇਲਾਂ ਤਮਾਸ਼ੇ ਦੇਖਦਾ ਹੁੰਦਾ ਕਿ ਨਹੀਂ?" ਏਹ ਸੁਣ ਕੇ ਓਹ ਪ੍ਰੇਮੀ ਸ਼ੰਕਾਵਾਦੀ ਚੁੱਪ ਕਰ ਗਯਾ । ਘਰਵਾਲੀ ਕਹਿਣ ਲੱਗੀ, "ਮਹਾਰਾਜ ਜੀਉ, ਏਕ ਖੇਲ ਭੀ ਨਹੀਂ ਜਾਣ ਦੇਂਦੇ ਦੇਖੇ ਬਿਨ੍ਹਾਂ" । ਏਹ ਸੁਣਿ ਕੇ ਅਸਾਂ ਉਸ ਪ੍ਰੇਮੀ ਨੂੰ ਕਿਹਾ ਕਿ ਜਾ ਭਾਈ, ਤੇਰਾ ਪ੍ਰਚਾਰ ਸਾਡੇ ਕਿਸੇ ਕੰਮ ਨਹੀਂ, ਕਿਉਂਕਿ ਤੂੰ ਆਪ ਤਿਨ੍ਹਾਂ ਦੇ ਫ਼ੋਟੋ ਦੇਖੇਂ, ਤੇ ਪੈਸੇ ਚੜ੍ਹਾਵੇਂ, ਤੇ ਸਾਨੂੰ ਮਹਾਰਾਜ ਜੀ ਦੇ, ਗੁਰੂ ਸਾਹਿਬਾਂ ਦੇ ਫ਼ੋਟੋ ਦਰਸ਼ਨ ਕਰਨ ਤੋਂ ਰੋਕੇਂ । ਭਾਈ ਤੂੰ ਭੀ ਉਸ ਪੰਡਤ ਵਰਗਾ ਪ੍ਰਚਾਰਕ ਮਿਲਿਆ । ਸੋ ਇਸਤਰ੍ਹਾਂ ਏਕ ਦਫ਼ਾ ਦਿੱਲੀ ਨਿਵਾਸੀ ਪਾਰਲੀਮੈਂਟ ਦਾ ਮੈਂਬਰ ਆਯਾ । ਜਦ ਤਖ਼ਤ ਸਾਹਿਬ ਤੇ ਦਰਸ਼ਨਾਂ ਨੂੰ ਗਿਆ, ਮੱਥਾ ਟੇਕ ਕੇ ਪ੍ਰਕਰਮਾ ਲੀਆਂ । ਮਹਾਰਾਜ ਜੀ ਦੇ ਫ਼ੋਟੋ ਦੇਖ ਕੇ ਉਹਨੂੰ ਬੜਾ ਗ਼ੁੱਸਾ ਆਇਆ । ਪਹਿਰੇ ਵਾਲੇ ਨੂੰ ਬੁਲਾ ਕੇ ਕਿਹਾ ਕਿ ਅਭੀ ਏਹ ਸਭ ਫ਼ੋਟੋ ਉਤਾਰ ਦੇਉ । ਹੁਕਮ ਦੇ ਕੇ ਚਲਾ ਗਯਾ । ਦੂਸਰੇ

[੬] ਰਾਮਕਲੀ ਪਾਤਿਸ਼ਾਹੀ ੧੦, ਪੰਨਾ ੭੧੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਦਿਨ ਫੇਰ ਆਯਾ । ਕਹਿਨ ਲਗਾ, "ਅਭੀ ਤਕ ਫ਼ੋਟੋ ਨਹੀਂ ਉਤਾਰੇ । ਅਭੀ ਹੀ ਉਤਾਰੋ" । ਏਹ ਮੈਂਬਰ ਪਾਰਲੀਮੈਂਟ ਸਾਡੇ ਖ਼ਿਆਲ ਵਿਚ ਓਹ ਪੰਡਤ ਵਰਗਾ ਹੀ ਖ਼ਿਆਲ ਹੋਏਗਾ, ਜਿਸ ਦਾ ਵਰਨੰਨ ਪਿਛੇ ਆ ਚੁਕਾ ਹੈ । ਮੈਂਬਰ ਸਾਹਿਬ ਆਪ ਤਾਂ ਟੀ-ਪਾਰਟੀ ਵਿਚ, ਕਈ ਜਗ੍ਹਾ ਅੱਗੇ-ਅੱਗੇ ਹੋ ਕੇ ਫ਼ੋਟੋ ਲਵਾਏ ਹੋਨਗੇ, ਔਰ ਮੈਂਬਰ ਸਾਹਿਬ ਜੀ ਦੀ ਕੋਠੀ ਵਿਚ ਭੀ ਸ਼ਾਇਦ ਫ਼ੋਟੋ ਲਗੇ ਹੋਨਗੇ । ਪੰਡਤ ਨਹਿਰੂ ਆਦਿਕ ਦੇ, ਔਰ ਕਈ ਦਫ਼ਾ ਪਰਚਿਆਂ ਵਿਚ ਭੀ ਫ਼ੋਟੋ ਮੈਂਬਰ ਸਾਹਿਬ ਦੇ ਦੇਖਨ ਵਿਚ ਆਏ ਹੋਨਗੇ ਕਿ ਸਾਡੇ ਓਹ ਫ਼ੋਟੋ ਨੂੰ ਦੁਨੀਆ ਦੇਖੇ, ਪਰ ਇਥੇ ਆ ਕੇ ਬਾਹਰੋਂ ਆਈਆਂ ਸੰਗਤਾਂ ਔਰ ਹਜ਼ੂਰੀ ਸੰਗਤਾਂ ਮਹਾਰਾਜ ਜੀ ਦੇ ਫ਼ੋਟੋਆਂ ਦੇ ਦਰਸ਼ਨ ਕਿਉਂ ਕਰਦੀਆਂ ਹਨ ਔਰ ਕਿਉਂ ਰਖੇ ਹਨ?

ਜੇ ਮੈਂਮਬ੍ਰ ਸਾਹਿਬ ਇਤਨੇ ਕੱਟੜ ਗੁਰਸਿਖ ਹਨ ਔਰ ਇਤਨੇ ਫ਼ੋਟੋ ਦੇ ਸਖ਼ਤ ਖ਼ਿਲਾਫ਼ ਹਨ, ਤੋ ਅਪਨੀ ਫ਼ੋਟੋ ਕਿਉਂ ਉਤਾਰਨ ਦੇਂਦੇ ਹਨ ?

ਆਵੋ ਸ਼ਰਧਾ ਵਿਚ ਹੋ ਕੇ ਆਖੋ ਧੰਨ ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ ਹਨ, ਜਿਨ੍ਹਾਂ ਦੇ ਅਨੇਕਾਂ ਜਤਨ ਕਰਨੇ ਪ੍ਰ ਭੀ ਹੁਨ ਤਕ ਫ਼ੋਟੋ ਨਹੀਂ ਮਿਲਿਆ ।

## ਸੰਤਾਂ ਦਾ ਦ੍ਰਿਸ਼ਟਾਂਤ

ਆਓ ਸਾਧ ਸੰਗਤ ਜੀਓ, ਆਪਾਂ ਫ਼ੋਟੋ ਬਾਰੇ ਔਰ ਕੁਛ ਵੀਚਾਰ ਕਰੀਏ । ਇਸ ਵਖਤ ਖ਼ਾਲਸਾ ਪੰਥ ਵਿਚ ਦੋ ਵਿਦਵਾਨ ਹਸਤੀਆਂ ਮੰਨੀਆਂ ਗਈਆਂ ਹਨ । ਏਹ ਸੰਤ ਮਹਾਰਾਜ ਪੰਡਤ ਨਿਸ਼ਚਲ ਸਿੰਘ ਜੀ ਜਗਾਧਰੀ ਵਾਲੇ, ਦੂਜੇ ਮਹਾਨ ਹਸਤੀ ਗਿਯਾਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਨਿਵਾਸੀ । ਅਗਰ ਫ਼ੋਟੋ ਗੁਰਮਤ ਦੇ ਉਲਟ ਹੁੰਦੇ, ਤਾਂ ਏਹ ਦੋਵੇਂ ਮਹਾਨ ਹਸਤੀਆਂ ਫ਼ੋਟੋਆਂ ਦਾ ਸਤਕਾਰ ਨਾ ਕਰਦੇ ਔਰ ਆਪ ਫ਼ੋਟੋਆਂ ਦਾ ਖੰਡਨ ਦਾ ਪ੍ਰਚਾਰ ਕਰਦੇ, ਪ੍ਰ ਇਥੇ ਤਾਂ ਸੰਤ ਮਹਾਰਾਜ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੋ ਫ਼ੋਟੋ ਸਾਹਿਬ ਗੁਰੂ ਗੁਰੂ ਗੋਬਿੰਦ ਸਿੰਘ ਦੇ ਤਿਆਰ ਕਰਵਾਕੇ ਏਕ ਫ਼ੋਟੋ ਮਹਾਰਾਜ ਜੀ ਦਾ ਬੜੇ ਅਦਬ ਨਾਲ ਲਿਆਕਰ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਭੇਟਾ ਕੀਤਾ ਔਰ ਜਥੇ ਸਮੇਤ ਸਾਰਿਆਂ ਨੇ ਕਿਹਾ ਕਿ ਏਹ ਫ਼ੋਟੋ ਮਹਾਰਾਜ ਜੀ ਦਾ ਹੁਣੇ ਹੀ ਸਾਡੇ ਸਾਮਨੇ ਮੰਦਰ ਸਾਹਿਬ ਜੀ ਦੇ ਦਰਵਾਜ਼ੇ ਤੇ ਲਗਾ ਦੇਉ । ਗਿਆਨੀ ਜੀ ਦੇ ਔਰ ਉਨ੍ਹਾਂ ਦੇ ਜਥੇ ਦੀ ਆਗਿਯਾ ਦਾ ਪਾਲਨ ਕਰਦੇ ਹੋਏ ਸੇਵਾਦਾਰਾਂ ਨੇ ਗੁਰ ਨਾਨਕ ਸਾਹਿਬ ਜੀ ਦਾ ਫ਼ੋਟੋ ਉਤਾਰ ਕੇ ਉਥੇ ਗੁਰੂ ਗੋਬਿੰਦ ਸਿੰਘ ਜੀ ਦਾ ਫ਼ੋਟੋ ਗਿਯਾਨੀ ਸਿੰਘ ਜੀ ਦਾ ਲਿਆਇਆ ਹੋਇਆ ਉਥੇ ਲਾ ਦਿਤਾ ਗਿਯਾ, ਜੇੜ੍ਹਾ ਹੁਣ ਤਕ ਮੌਜੂਦ ਹੈ । ਸ਼ੰਕਾਵਾਦੀ ਸਜਨ ਸ੍ਰੀਮਾਨ ਗਿਆਨੀ ਗੁਰਬਚਨ ਸਿੰਘ ਜੀ ਨਾਲੋਂ ਜ਼ਿਆਦਾ ਗੁਰਸਿਖ ਹਨ ਵ ਉਨ੍ਹਾਂ ਨਾਲੋਂ ਜ਼ਿਆਦਾ ਗੁਰ ਇਤਹਾਸ ਦੇ, ਆਦਿ ਔਰ ਦਸਮ ਬਾਣੀ ਦੇ, ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ ਦੇ ਬਾਣੀ ਦੇ ਗਿਆਤਾ ਹਨ, ਜੇੜ੍ਹੇ ਕਿ ਇਤਰਾਜ਼ ਕਰਦੇ ਹਨ ?

ਏਕ ਦਫ਼ਾ ਸ੍ਰੀ ਤਖ਼ਤ ਸਚਖੰਡ ਹਜ਼ੂਰ ਸਾਹਿਬ ਦੇ ਦਰਸ਼ਨਾਂ ਨੂੰ ੧੦੮ ਸੰਤ ਮਹਾਰਾਜ ਪੰਡਤ ਨਿਸ਼ਚਲ ਸਿੰਘ ਜੀ ਆਏ ਹੋਏ ਸਨ । ਏਕ ਦਿਨ ਟਿੰਡ ਬੁੰਗੇ ਤੇ ਚਰਨ ਪਾਏ । ਮਹਾਰਾਜ ਜੀ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਨੂੰ ਮਥਾ ਟੇਕ ਕੇ ਬੈਠੇ । ਉਸ ਵਖਤ ਗੁਰੂ ਗ੍ਰਿੰਥ ਸਾਹਿਬ ਜੀ ਦੇ ਸਾਮਨੇ ਮਹਾਰਾਜ ਜੀ ਦਾ, ਦਸਮ ਪਾਤਸ਼ਾਹ ਜੀ ਦਾ ਫ਼ੋਟੋ ਪੰਜ ਪਿਆਰੇ ਸਹਿਤ ਸਜਾਯਾ ਹੋਇਆ ਸੀ । ਸੰਤ ਮਹਾਰਾਜ ਦੇਖ ਕਰ ਬੜੇ ਖ਼ੁਸ਼ ਹੂਏ ਔਰ ਅਪਨੇ ਗਡਵਈ ਸਿੰਘ ਨੂੰ ਕਿਹਾ ਕਿ ਭਾਈ ਇਨ੍ਹਾਂ ਤੋਂ ਪੁਛ ਲਉ ਕਿ ਏਹ ਫ਼ੋਟੋ ਕਿਥੋਂ ਬਨਵਾਯਾ ਹੈ ? ਏਹ ਸੁਣ ਕਰ ਟਿੰਡ ਬੁੰਗੇ ਦੇ ਸੇਵਾਦਾਰ ਨੇ ਕਿਹਾ ਕਿ ਮਹਾਰਾਜ ਜੀ, ਏਹ ਚਾਰ ਫ਼ੋਟੋ ਸਚਖੰਡ ਦੇ ਅੰਦਰ ਮੰਜੀ ਸਾਹਿਬ ਕੋ ਜੇੜ੍ਹਾ ਫ਼ੋਟੋ ਹੈ, ਉਸ ਦੀਆਂ ਚਾਰ ਕਾਪੀਆਂ ਬੰਬਈ ਤੋਂ ਕੰਚਨ ਸਿੰਘ ਰਹਿਰਾਸੀਆ ਸਿੰਘ ਵ ਬੋਰਡ ਮੈਂਮਬ੍ਰ ਸਾਹਿਬ ਨੂੰ ਭੇਜ ਕੇ ਤਿਆਰ ਕਰਵਾ ਕੇ ਮੰਗਾਏ ਹਨ । ਸੰਤ ਮਹਾਰਾਜ ਜੀ ਨੇ ਫ਼ੁਰਮਾਯਾ, "ਹੋਰ ਕਿਥੇ ਹੈ ਔਰ ਬਾਕੀ ਤੀਨ ਫ਼ੋਟੋ ਕਿਥੇ ਹੈਂ ?" ਅਸਾਂ ਨੇ ਹਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ ਏਕ ਫ਼ੋਟੋ ਸੰਤ ਮਹਾਰਾਜ ਜਸਵੰਤ ਸਿੰਘ ਜੀ, ਰਮਦਾਸ ਬਾਬਾ ਬੁਢੇ ਜੀ ਦੇ ਡੇਰੇ ਦੇ ਮਹੰਤ ਲੈ ਗਏ ਹਨ । ਏਹ ਸੁਨ ਕੇ ਸੰਤ ਮਹਾਰਾਜ ਹਸੇ ਔਰ ਕਿਹਾ ਕਿ ਏਕ ਓਹ ਲੈ ਗਏ ਹਨ, ਏਕ ਅਸੀਂ ਭੀ ਲੇ ਜਾ ਸਕਦੇ ਹਾਂ । ਇਸਤਰ੍ਹਾਂ ਕਹਿੰਦੇ ਹੋਏ ਗਡਵਈ ਸਿੰਘ ਨੂੰ ਹੁਕਮ ਕੀਤਾ, "ਲੈ ਭਾਈ, ਏਹ ਚੁਕ ਲੈ ।" ਅਸਾਂ ਨੇ ਕਿਹਾ ਕਿ ਮਹਾਰਾਜ ਜੀਓ, ਥੋੜਾ ਠਹਿਰੋ, ਹੁਣੇ ਪੂਜਾਰੀ ਸਿੰਘ, ਮੋਨੀ ਸਿੰਘ ਆ ਰਹੇ ਹਨ । ਓਹ ਆਪ ਰੁਮਾਲ ਵਿਚ ਫ਼ੋਟੋ ਸੰਤੋਖ ਕੇ ਦੇਨਗੇ । ਪਰ ਸੰਤ ਮਹਾਰਾਜ ਜੀ ਉਸ ਫ਼ੋਟੋ ਤੇ ਇਤਨੇ ਮੋਹਿਤ ਹੋਏ ਸਨ ਕਿ ਉਨ੍ਹਾਂ ਨੇ ਜਲਦੀ ਨਾਲ ਉਠ ਕੇ ਅਪਨੇ ਹਥੀਂ ਫ਼ੋਟੋ ਮਹਾਰਾਜ ਜੀ ਦੀ ਚੁਕ ਕੇ ਅਪਨੇ ਗਡਵਈ ਦੇ ਹਥ ਫੜਾ ਦਿਤੀ । ਸ਼ਾਇਦ ਓਹ ਫ਼ੋਟੋ ਜਗਾਧਰੀ ਸੰਤ ਮਹਾਰਾਜ ਜੀ ਦੇ ਅਸਥਾਨ ਵਿਚ ਹੁਣ ਤਕ ਮੌਜੂਦ ਹੋਏਗਾ । ਏਹ ਉਪਰਲੇ ਦ੍ਰਿਸ਼ਟਾਂਤ ਤੋਂ ਏਹ ਭਾਉ ਅਰਥ ਹੋਯਾ ਕਿ ਇਤਨੇ ਬੜੇ ਮਹਾਪੁਰਸ਼ ਔਰ ਚੋਟੀ ਦੇ ਵਿਦਵਾਨ ਗੁਰੂ ਸਾਹਿਬ ਜੀ ਦੇ ਫ਼ੋਟੋ ਨੂੰ ਦੇਖ ਕੇ ਇਤਨੇ ਖ਼ੁਸ਼-ਪ੍ਰਸੰਨ ਹੁੰਦੇ ਹਨ ਕਿ ਆਪ ਹਥੀਂ ਚੁਕ ਲੈਂਦੇ ਹਨ, ਪਰ ਸ਼ੰਕਾਵਾਦੀ ਪਤਾ ਨਹੀਂ ਉਹ ਕੇਹੜੀ ਵਿਦਯਾ ਪੜ੍ਹੇ ਹਨ ਕਿ ਗੁਰੂ ਮਹਾਰਾਜ ਜੀ ਦੇ ਫ਼ੋਟੋਆਂ ਨੂੰ ਦੇਖ ਕੇ ਇਤਨੇ ਸਖ਼ਤ ਨਰਾਜ਼ ਹੁੰਦੇ ਹਨ ਕਿ ਇਨ੍ਹਾਂ ਵਰਗਾ ਗੁਰ ਇਤਹਾਸ, ਆਦਿ ਔਰ ਦਸਮ ਬਾਣੀ ਦਾ ਗਿਆਨੀ ਦੂਸਰਾ ਕੋ ਹੈ ਹੀ ਨਹੀਂ । ਸ਼ੰਕਾਵਾਦੀਆਂ ਵਿਚੋਂ ਕੁਛ ਤਾਂ ਉਹ ਪ੍ਰੇਮੀ ਹਨ, ਜਿਨ੍ਹਾਂ ਨੂੰ ਕਮਨੀਸਟਾਂ ਦੀ ਸੰਗਤ ਹੈ ਔਰ ਉਨ੍ਹਾਂ ਦਾ ਹੀ ਪ੍ਰਚਾਰ ਸੁਣਿ ਦੇ ਹਨ । ਕੁਛ ਓਹ ਪ੍ਰੇਮੀ ਹਨ, ਜਿਨ੍ਹਾਂ ਨੂੰ ਯੂਰਪ ਦੀ ਵਿਦਿਯਾ ਦੀ ਹਵਾ ਲਗੀ ਹੈ । ਇਨ੍ਹਾਂ ਵਿਚ ਕਈਆਂ ਨੂੰ ਪ੍ਰੀਤਲੜੀ ਵਾਲੇ ਦੀ ਛਾਯਾ ਪਈ ਹੂਈ ਹੈ । ਇਨ੍ਹਾਂ ਬਾਰੇ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਅਪਨੀ ਮੁਖਵਾਕ ਬਾਣੀ ਵਿਚ ਇਸਤਰ੍ਹਾਂ ਫ਼ੁਰਮਾਉਂਦੇ ਹਨ : -

ਗੀਤਾ ਮਾਲਤੀ ਛੰਦ ॥

ਦੇਵ ਪਿਤਰਨ ਪੀਰ ਕੌ ਨਹੀ ਭੂਲ ਪੂਜਨ ਜਾਂਹਿਗੇ ॥੧੮॥
ਦੇਵ ਪੀਰ ਬਿਸਾਰ ਕੈ ਪ੍ਰਮੇਸਰ ਆਪ ਕਹਾਂਹਿਗੇ ॥ [੭]

---

[੭] ਨਿਹਕਲੰਕ ਅਵਤਾਰ, ਪੰਨਾ ੫੭੨, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

ਮੁਖ ਬੇਦ ਅਉਰ ਕਤੇਬ ਕੇ ਕੋਈ ਨਾਮ ਲੇਵ ਨ ਦੇਹਗੇ ॥
ਕਿਸਹੂੰ ਨ ਕਉਡੀ ਪੁੰਨ ਤੇ ਕਬਹੂੰ ਨ ਕਿਉ ਹੀ ਦੇਹਗੇ ॥ [੮]

ਧਰਮ ਭਰਮ ਉਡਜੋ ਜਹਾਂ ਤਹਾਂ ਪਾਪ ਪਗ ਪਗ ਹੋਹਿੰਗੇ ॥
ਨਿਜ ਸਿੱਖ ਨਾਰ ਗੁਰੂ ਰਮੈ ਗੁਰ ਦਾਰਾ ਸੋ ਸਿਖ ਸੋਹਿੰਗੇ ॥ [੯]

ਪਾਪ ਕਰਮ ਕਰੈ ਜਹਾਂ ਤਹਾਂ ਧਰਮ ਕਰਮ ਬਿਸਾਰ ਕੈ ॥
ਨਹੀ ਦ੍ਰਬ ਦੇਖਤ ਛੋਡ ਹੈ ਲੈ ਪੁਤ੍ਰ ਮਿਤ੍ਰ ਸੰਘਾਰ ਕੈ ॥
ਏਕ ਨੇਕ ਉਠਾਇ ਹੈ ਮਤਿ ਭਿੰਨ ਭਿੰਨ ਦਿਨੰ ਦਿਨਾ ॥
ਫੋਕਟੇ ਧਰਮੰ ਸਭੈ ਕਲਿ ਕੇਵਲੰ ਪ੍ਰਭਣੰ ਬਿਨਾ ॥੨੧॥ [੧੦]

ਕਿਸੂ ਨਾ ਦਾਨ ਦੇਹ ਗੇ ॥ ਸੁ ਸਾਧ ਲੂਟ ਲੇਹ ਗੇ ॥੩੮॥ [੧੧]

ਨ ਪ੍ਰੀਤ ਮਾਤ ਸੰਗਾ ॥ ਅਧੀਨ ਅਰਧੰਗਾ ॥੪੦॥ [੧੨]

ਤਜੈ ਧਰਮ ਨਾਰੀ ਤਕੈ ਪਾਪ ਨਾਰੰ ॥ [੧੩]

ਸਭ ਜਗ ਪਾਪੀ ॥ ਕਹੂੰ ਨ ਜਾਪੀ ॥ [੧੪]

ਗੁਰਦੇਵ ਨਾ ਮਾਨੈ ॥ ਭਲਾ ਨ ਬਖਾਨੇ ॥ ਅੰਤ ਨਰਕਹਿ ਜੈ ਹੈ ॥ ਡੋਲਤ ਜਹ ਤਹ ਪੁਰਖ ਅਪਾਵਨ ॥ ਲਾਗਤ ਕਤ ਹੀ ਨ ਧਰਮ ਕੋ ਦਾਵਨ ॥੮੩॥

---

[੮] ਨਿਹਕਲੰਕ ਅਵਤਾਰ, ਪੰਨਾ ੫੭੨-੫੭੩, ਸ੍ਰੀ ਦਸਮ ਗ੍ਰੰਥ ਸਾਹਿਬ ਜੀ।
[੯] ਨਿਹਕਲੰਕ ਅਵਤਾਰ, ਪੰਨਾ ੫੭੩, ਸ੍ਰੀ ਦਸਮ ਗ੍ਰੰਥ ਸਾਹਿਬ ਜੀ।
[੧੦] ਨਿਹਕਲੰਕ ਅਵਤਾਰ, ਪੰਨਾ ੫੭੩, ਸ੍ਰੀ ਦਸਮ ਗ੍ਰੰਥ ਸਾਹਿਬ ਜੀ।
[੧੧] ਨਿਹਕਲੰਕ ਅਵਤਾਰ, ਪੰਨਾ ੫੭੪, ਸ੍ਰੀ ਦਸਮ ਗ੍ਰੰਥ ਸਾਹਿਬ ਜੀ।
[੧੨] ਨਿਹਕਲੰਕ ਅਵਤਾਰ, ਪੰਨਾ ੫੭੪, ਸ੍ਰੀ ਦਸਮ ਗ੍ਰੰਥ ਸਾਹਿਬ ਜੀ।
[੧੩] ਨਿਹਕਲੰਕ ਅਵਤਾਰ, ਪੰਨਾ ੫੭੫, ਸ੍ਰੀ ਦਸਮ ਗ੍ਰੰਥ ਸਾਹਿਬ ਜੀ।
[੧੪] ਨਿਹਕਲੰਕ ਅਵਤਾਰ, ਪੰਨਾ ੫੮੦, ਸ੍ਰੀ ਦਸਮ ਗ੍ਰੰਥ ਸਾਹਿਬ ਜੀ।

ਕਹੂੰ ਨ ਚਰਚਾ ਕਹੂੰ ਨਾ ਬੇਦੰ ॥ ਕਹੂੰ ਨਿਵਾਜ ਨ ਕਹੂੰ ਕਤੇਬੰ ॥ ਕਹੂੰ ਨ ਤਸਬੀ ਕਹੂੰ ਨ ਮਾਲਾ ॥ ਕਹੂੰ ਨਾ ਹੋਮੰ ਕਹੂੰ ਨਾ ਜ੍ਵਾਲਾ ॥੧੨੮॥ ਔਰ ਹੀ ਕਰਮੰ ਅਉਰ ਹੀ ਧਰਮੰ ॥ ਅਉਰ ਹੀ ਭਾਵੰ ਅਉਰ ਹੀ ਮਰਮੰ ॥ [੧੫]

ਅਉਰ ਹੀ ਰੀਤਾ ਅਉਰ ਹੀ ਭਾਯੰ ॥ ਅਉਰ ਹੀ ਰਾਜਾ ਅਉਰ ਹੀ ਨ੍ਯਾਯੰ ॥੧੩੦॥ [੧੬]

ਪਾਠਕ ਜੀ, ਇਹ ਪ੍ਰਸੰਗ ਦਸਮ ਗੁਰੂ ਗ੍ਰਿੰਥ ਸਾਹਿਬ ਜੀ ਵਿਚੋਂ ਸੰਖੇਪ ਲਿਖੀਯਾ ਹੈ, ਉਥੇ ਤਾਂ ਬਹੁਤ ਹੈ। ਐਸੀ ਭ੍ਰਿਸ਼ਟੀ ਬੁਧੀ ਦੁਨੀਆਂ ਹੋ ਜਾਏਗੀ। ਜਿਸ ਨੂੰ ਹੁਣ ਪਾਪ ਸਮਝਦੇ ਹਾਂ ਤੇ ਕੁਝ ਡਰਦੇ ਹਾਂ। ਉਸ ਸਮੇਂ ਨਿਤ ਓਹ ਕਰਮ ਕਰਨਗੇ । ਜਿਸਨੂੰ ਹੁਣ ਮਹਾ ਪਾਪੀ ਕਹਿੰਦੇ ਹਾਂ। ਨਾਹੀ ਬ੍ਰਾਹਮਣ ਤੇ ਨਾਹੀ ਛਤ੍ਰੀ ਆਪਣੇ ਧਰਮ ਪਰ ਰਹਿਣਗੇ । ਚੂਹੜੇ ਚਮਾਰ ਹੋਟਲਾਂ ਪਰ ਬੈਠ ਕੇ ਖਾਂਦੇ ਹਨ । ਜੋ ਇਨਕਾਰ ਕਰੇ ਓਹ ਸਜ਼ਾਵਾਰ ਹੁੰਦੇ ਹਨ। ਹੁਣ ਨਵਾਂ ਹਿੰਦ ਕੋਡ ਬਿਲ ਬਨਿਆ ਦੇਖੋ। ਉਸ ਵਖਤ ਕੇ ਹਾਕਮਾਂ ਦਾ ਹੁਕਮ ਹੋਵਗਾ ਕਿ ਪੂਜਾ ਪਾਠ ਨਿਤਨੇਮ ਕਰਮ ਧਰਮ ਸਭ ਫਾਲਤੂ ਫ਼ਜ਼ੂਲ ਹਨ, ਕੋਈ ਲੋੜ ਨਹੀਂ । ਕਨੂੰਨ ਹੀ ਐਸੇ ਹੋ ਜਾਵੇਂਗੇ, ਜੋ ਪਾਠ ਪੂਜਾ ਕਰੇਗਾ, ਸਜ਼ਾ ਦਾ ਭਾਗੀ ਹੋਵੇਗਾ। ਏਹ ਆਸਾਰ ਬਝ ਰਹੇ ਹਨ। ਨਾ ਹਿੰਦੂ ਬੇਦ ਸ਼ਾਸਤ੍ਰ ਪੜਨਗੇ ਤੇ ਨਾਹੀ ਮੁਸਲਮਾਨ ਨਮਾਜ਼ਾਂ ਪੜ੍ਹਨਗੇ, ਤੇ ਨਾ ਹੀ ਕੁਰਾਨ ਕਤੇਬ ਪੜਨਗੇ ਤੇ ਨਾ ਹੀ ਮਾਲਾ, ਨਾ ਤਸਬੀ। ਹਿੰਦੂ ਵਾ ਤੁਰਕ ਮਜ੍ਹਬ ਛਡ ਬਹਿਣਗੇ। ਸੋ ਸਾਧ ਸੰਗਤ ਜੀਓ, ਸਮੇਂ ਦਾ ਪ੍ਰਭਾਉ ਕਰਕੇ ਲੋਕਾਂ ਦਾ ਖ਼ਿਆਲ ਔਰ ਧਰਮ ਮ੍ਰਿਜਾਦਾ ਤੋਂ ਆਹਸਤਾ-ਆਹਸਤਾ ਉਲਟ ਹੁੰਦਾ ਜਾਇਗਾ।

ਆਉ ਇਸ ਵਖਤ ਮੌਜੂਦਾ ਪ੍ਰਮਾਣਿ ਸੁਣੋ। ਔਰ ਦੇਖੋ ਕੇ ਜਦ ਲੰਡਨ ਤੋਂ ਮਹਾਰਾਜ ਜੀ ਦੇ ਪਵਿਤ੍ਰ ਸ਼ਸਤ੍ਰ ਹਵਾਈ ਜਹਾਜ਼ ਰਾਹੀਂ ਦਿੱਲੀ ਪੁੱਜੇ, ਦਿੱਲੀ ਤੋਂ ਸਵਾਗਤ ਹੋਏ ਬਾਦ ਦਿੱਲੀ ਸਰਕਾਰ ਨੇ ਪੰਜਾਬ ਗੌਰਮਿੰਟ ਨੂੰ ਦਿੱਤੇ। ਉਸ ਤੋਂ ਬਾਦ ਸ਼ਸਤ੍ਰ ਮਹਾਰਾਜ ਜੀ ਦੇ ਰਸਤੇ ਵਿੱਚ ਅਨੇਕਾਂ ਸੰਗਤਾਂ ਨੂੰ ਅਨੇਕ ਥਾਵਾਂ ਹੁੰਦੇ ਹੋਏ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਪਹੁੰਚੇ। ਉਥੋਂ ਅੱਗੇ ਦਾ ਪ੍ਰੋਗਰਾਮ ਗੁਰਦੁਵਾਰਾ ਪ੍ਰਬੰਧਕ ਕਮੇਟੀ ਔਰ ਸ੍ਰੋਮਣੀ ਕਮੇਟੀ ਦੇ ਆਸ਼ੇ ਅਨੁਸਾਰ ਬਨਾਯਾ ਗਿਯਾ ਵ ਤਿਆਰ ਕੀਤਾ ਗਯਾ ਹੈ । ਜਦ ਸਾਰੇ ਸ਼ਹਿਰਾਂ ਵਿਚੋਂ ਹੁੰਦੇ ਹੋਏ ਮਹਾਰਾਜ ਜੀ ਦੇ ਪਵਿਤ੍ਰ ਸ਼ਸਤ੍ਰ ਹਜ਼ੂਰ ਸਾਹਿਬ ਪਹੁੰਚੇ, ਜਦ ਜਾ ਕੇ ਦਰਸ਼ਨ ਕੀਤੇ, ਹਜ਼ੂਰੀ ਸਿੰਘਾਂ ਨੇ ਨਮਸਕਾਰ ਕਰੀ ਔਰ ਮਥਾ ਟੇਕਿਆ। ਏਹ ਹਜ਼ੂਰੀ ਸਿੰਘ ਤਖ਼ਤ ਸਾਹਿਬ ਜੀ ਦੇ ਹੈਂਡ ਪੂਜਾਰੀ ਸ੍ਰੀਮਾਨ ੧੦੮ ਸੰਤ ਮੋਨੀ ਬਾਬਾ ਜੋਗਿੰਦਰ ਸਿੰਘ ਪੂਜਾਰੀ ਸਾਹਿਬ ਜੀ ਦੀ ਜੱਥੇਦਾਰੀ ਵਿੱਚ ਹਜ਼ੂਰੀ ਸਿੰਘ ਮੋਟਰ ਲੇਕਰ ਨਾਂਦੇੜ ਤੋਂ ਕੁਛ ਅਗੇ ਜਾਕੇ ਸ਼ਸਤ੍ਰਾਂ ਦੇ ਦਰਸ਼ਨ ਕੀਤੇ, ਮਥਾ ਟੇਕਿਆ, ਫੁੱਲਾਂ ਦੇ ਹਾਰ ਅਰਪਨ ਕੀਤੇ। ਵਹੁ ਹਾਰ ਉਸ ਸ਼ਸਤ੍ਰਾਂ ਦੇ ਮੋਟਰ ਵਿੱਚ ਬੈਠੇ ਜਥੇਦਾਰ ਕੇਸਗੜ੍ਹ ਸਾਹਿਬ ਜੀ ਨੇ ਅਪਨੇ ਹੱਥੀਂ ਮਹਾਰਾਜ ਜੀ ਦੇ ਸ਼ਸਤ੍ਰਾਂ ਨੂੰ ਔਰ ਫ਼ੋਟੋ ਨੂੰ ਹਾਰ ਚੜ੍ਹਾਏ। ਏ ਸ਼ੰਕਾਵਾਦੀਓ, ਹੇ ਤਰਕਾਂ ਕਰਨ ਵਾਲਿਓ, ਹੇ ਨੁਕਤਾਚੀਨੀ ਕਰਨ ਵਾਲਿਓ, ਏਹ ਦੇਖੋ ਅੱਖਾਂ ਖੋਲ ਕੇ। ਅਕਾਲ ਤਖ਼ਤ ਤੋਂ ਹੁਕਮ ਜਾਰੀ ਹੁੰਦਾ ਹੈ ਔਰ ਚੁਨਵੇਂ ਪੰਜ ਪਿਆਰੇ ਨਾਲ ਕੀਤੇ ਜਾਂਦੇ ਹਨ

[੧੫] ਨਿਹਕਲੰਕ ਅਵਤਾਰ, ਪੰਨਾ ੫੮੦, ਸ੍ਰੀ ਦਸਮ ਗ੍ਰੰਥ ਸਾਹਿਬ ਜੀ।

[੧੬] ਨਿਹਕਲੰਕ ਅਵਤਾਰ, ਪੰਨਾ ੫੮੦, ਸ੍ਰੀ ਦਸਮ ਗ੍ਰੰਥ ਸਾਹਿਬ ਜੀ।

ਔਰ ਪੂਰੇ ਹਿੰਦੁਸਤਾਨ ਨੂੰ ਹੁਕਮ ਔਰ ਆਗਿਯਾ ਦਿੱਤੀ ਜਾਂਦੀ ਹੈ ਕਿ ਮਹਾਰਾਜ ਜੀ ਦੇ ਪਵਿਤ੍ਰ ਸ਼ਸਤ੍ਰ ਆ ਰਹੇ ਹਨ। ਸਰਬਤ ਸੰਗਤ ਔਰ ਸਰਬਤ ਜਨਤਾ, ਚਾਰੋਂ ਵਰਨ, ਏਸ ਸ਼ਸਤ੍ਰਾਂ ਦੀ ਔਰ ਮਹਾਰਾਜ ਜੀ ਦੇ ਫ਼ੋਟੋ ਦੀ ਪੂਜਾ ਸਤਕਾਰ ਭੇਟਾ ਬੜ-ਚੜ ਕੇ ਕਰੋ। ਉਧਰ ਤਾਂ ਏਹ ਹੁਕਮ ਹੁੰਦਾ ਹੈ ਔਰ ਇਧਰ ਸ਼ੰਕਾਵਾਦੀ ਆ ਕੇ ਤਖ਼ਤ ਹਜ਼ੂਰ ਸਾਹਿਬ ਸ੍ਰੀ ਅਬਚਲ ਨਗਰ ਸਾਹਿਬ ਜੀ ਆਕਰ ਕਹਿੰਦੇ ਕਿ ਏਥੇ ਤਾਂ ਪੂਜਾਰੀਆਂ ਨੇ ਮੂਰਤੀ ਦੀ ਪੂਜਾ ਰੱਖੀ ਹੂਈ ਹੈ। ਮੂਰਤੀ ਦੀ ਆਰਤੀ ਕਰਦੇ ਤੇ ਹਾਰ ਚੜ੍ਹਾਂਵਦੇ ਹਨ, ਮਗਰ ਅਪਨੇ ਘਰ ਵਲ ਨਹੀਂ ਦੇਖਦੇ ਅਸੀਂ ਕੀ ਕਰ ਰਹੇ ਹਾਂ। ਏਹੋ ਜੇਹੇ ਲੋਕਾਂ ਵਾਸਤੇ ਕਬੀਰ ਸਾਹਿਬ ਜੀ ਨੇ ਅਪਨੀ ਬਾਣੀ ਵਿਚ ਇਉਂ ਫੁਰਮਾਯਾ ਹੈ: -

ਅਵਰਨ ਹਸਤ ਆਪ ਹਹਿ ਕਾਂਨੇ ॥ ਤਿਨ ਕਉ ਦੇਖਿ ਕਬੀਰ ਲਜਾਨੇ ॥ [੧੭]

ਏਕ ਦਫ਼ਾ ਸਚਖੰਡ ਹਜ਼ੂਰ ਸਾਹਿਬ ਜੀ ਦੇ ਦਰਸ਼ਨਾਂ ਨੂੰ ਆਏ ਹੋਏ ੧੦੮ ਮਾਨਵਰ ਪਰਮ ਸਤਿਕਾਰਜੋਗ ਸੰਤ ਮਹਾਰਾਜ ਈਸ਼ਰ ਸਿੰਘ ਜੀ ਕਲੇਰਾਂ ਵਾਲੇ ਆਏ ਮਹਾਰਾਜ ਜੀ ਦੇ ਦਰਸ਼ਨ ਕਰਕੇ ਪ੍ਰਦਛਨਾਂ ਕਰਕੇ ਔਰ ਭੇਟਾ ਚੜ੍ਹਾ ਕੇ ਔਰ ਅੰਮ੍ਰਿਤਮਈ ਕੀਰਤਨ ਦੀ ਵਰਖਾ ਉਨ੍ਹਾਂ ਦੇ ਜੱਥੇ ਨੇ ਕੀਤੀ। ਸੰਤ ਮਹਾਰਾਜ ਏਕ ਫ਼ੋਟੋ ਗੁਰੂ ਨਾਨਕ ਸਾਹਿਬ ਜੀ ਦਾ ਲਿਆਏ ਸਨ ਔਰ ਉਨ੍ਹਾਂ ਨੇ ਫੁਰਮਾਯਾ ਕਿ ਏਹ ਫ਼ੋਟੂ ਗੁਰੂ ਮਹਾਰਾਜ ਜੀ ਦਾ ਸਾਮਨੇ ਸਚਖੰਡ ਜੀ ਦੇ ਦਰਵਾਜ਼ੇ ਦੇ ਉਤੇ ਸਾਡੇ ਸਾਮਨੇ ਸਜਾ ਦੇਉ। ਸ੍ਰੀਮਾਨ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਜੀ ਦੀ ਆਗਿਯਾ ਦਾ ਪਾਲਨ ਕਰਦੇ ਹੋਏ ਹਜ਼ੂਰੀ ਸੇਵਾਦਾਰਾਂ ਨੇ ਓਹ ਫ਼ੋਟੋ ਮਹਾਰਾਜ ਜੀ ਦਾ, ਸਚਖੰਡ ਸਾਹਿਬ ਜੀ ਦੇ ਦਰਵਾਜ਼ੇ ਤੇ ਸਜਾ ਦਿੱਤਾ। ਆਓ ਭਾਈ ਪ੍ਰੇਮੀ ਸ਼ੰਕਾਵਾਦੀਓ, ਏਹ ਫ਼ੋਟੋ ਜੇੜ੍ਹੇ ਤਖ਼ਤ ਸਚਖੰਡ ਸਾਹਿਬ ਸਜਾਏ ਗਏ ਹਨ, ਏਹ ਪੰਜਾਬੋਂ ਹੀ ਸੰਗਤਾਂ ਨੇ ਲਿਆਕੇ ਦਿੱਤੇ ਹਨ। ਆ ਕੇ ਇਥੇ ਹਜ਼ੂਰੀ ਸਿੰਘਾਂ ਨੇ ਤਿਆਰ ਕਰਾਕੇ ਲਾਏ ਹਨ। ਪੰਜਾਬੋਂ ਜੇੜ੍ਹੀਆਂ ਮਹਾਨ ਹਸਤੀਆਂ ਪਵਿਤ੍ਰ ਆਤਮਾ ਸਾਹਿਬ ਕਲਗੀਧਰ ਸਾਹਿਬ ਜੀ ਦੇ ਲਾਡਲੇ ਸਪੁਤਰ ਵ ਸੰਤ ਮਹਾਤਮਾ ਲਿਆ ਕੇ ਜੇੜ੍ਹੇ ਫ਼ੋਟੋ ਗੁਰੂ ਸਾਹਿਬਾਂ ਦੇ ਦੇਂਦੇ ਹਨ, ਉਨ੍ਹਾਂ ਦੀ ਆਗਿਯਾ ਅਨੁਸਾਰ ਸਜਾਏ ਜਾਂਦੇ ਹਨ, ਅਦਬ ਵਾਲੀ ਥਾਂ ਤੇ। ਸ੍ਰੀਮਾਨ ਯੋਗ ਪਰਮ ਪੂਜ ਬ੍ਰਹਮਗਿਆਨੀ ਸੰਤ ਮਹਾਰਾਜ ਬਾਬਾ ਨੰਦ ਸਿੰਘ ਜੀ ਮਹਾਰਾਜ ਕਲੇਰਾਂ ਵਾਲੇ, ਉਨ੍ਹਾਂ ਦੇ ਸ਼ਰਧਾਲੂ ਸੇਵਕ ਜਿੱਥੇ-ਜਿੱਥੇ ਭੀ ਹਨ, ਉਹ ਗੁਰੂ ਨਾਨਕ ਸਾਹਿਬ ਜੀ ਦੀ ਉਹ ਫ਼ੋਟੋ, ਜਿਸ ਨੂੰ ਸੰਤ ਮਹਾਰਾਜ ਜੀ ਨੇ ਕਹਿ ਕੇ ਮੁਸੱਵਰ ਤੋਂ ਬਨਵਾਈ ਸੀ, ਜਿਸਦੀ ਸੇਵਾ ਪੂਜਾ ਔਰ ਧਿਆਨ ਆਪ ਭੀ ਕਰਦੇ ਸਨ, ਔਰ ਭੀ ਜਗਯਾਸੂਆਂ ਨੂੰ ਔਰ ਸ਼ਰਧਾ ਵਾਲਿਆਂ ਨੂੰ ਏਹੀ ਆਗਿਯਾ ਕਰਦੇ ਸਨ, ਔਰ ਏਹੀ ਖ਼ਾਸ ਹੁਕਮ ਕਰਦੇ ਸਨ। ਕਈ ਸ਼ੰਕਾਵਾਦੀਆਂ ਨੂੰ ਔਰ ਕਈ ਸ਼ਰਧਾਲੂਆਂ ਨੂਮ ਪ੍ਰਤਖ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕਰਵਾਂਵਦੇ ਸਨ, ਹੂ-ਬ-ਹੂ ਵਹੀ ਫ਼ੋਟੋ, ਜੋ ਉਨ੍ਹਾਂ ਨੇ ਮੁਸੱਵਰ ਤੋਂ ਤਿਆਰ ਕਰਵਾਈ ਸੀ, ਉਸੇ ਸਰੂਪ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕਰਵਾਂਦੇ ਸਨ, ਜਿਨ੍ਹਾਂ ਵਿੱਚ ਕਈ ਪ੍ਰੇਮੀ ਹੁਣ ਤਕ ਮੌਜੂਦ ਹਨ। ਸ੍ਰੀਮਾਨ ਸੰਤ ਮਹਾਰਾਜ ਜੀ ਦੇ ਇਤਹਾਸ ਵਿਚ ਖ਼ਾਸ ਉਨ੍ਹਾਂ ਦੇ ਨਾਮ ਆਉਂਦੇ ਹਨ। (ਜੀਵਨ ਕਲੇਰੀਆਂ ਦੇ ਪਹਿਲੇ ਭਾਗ ਮੇਂ ਹੈ) ।

---

[੧੭] ਗਉੜੀ ਚੇਤੀ, ਕਬੀਰ ਜੀ, ਪੰਨਾ ੩੩੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ੴ

ਧੰਨ ਧੰਨ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ, ਬੋਲ਼ੇ ਗੂੰਗਿਯਾਂ ਤੋਂ ਅਰਥ ਕਰਾਵਨ ਵਾਲੇ ।

ਆਓ, ਸਾਧ ਸੰਗਤ ਜੀਓ, ਫ਼ੋਟੋ ਬਾਰੇ ਕੁਛ ਔਰ ਭੀ ਕਈ ਪ੍ਰੇਮੀ ਸ਼ੰਕਾ ਕਰਦੇ ਹਨ ਕਿ ਮਹਾਰਾਜ ਜੀ ਦੇ ਫ਼ੋਟੋ ਵ ਗੁਰੂ ਸਾਹਿਬਾਂ ਦੇ ਫ਼ੋਟੋ ਅੱਡ-ਅੱਡ ਤਰ੍ਹਾਂ ਦੇ ਹਨ । ਏਕ ਦੂਸਰੇ ਨਾਲ ਮਹਾਰਾਜ ਜੀ ਦਾ ਸਰੂਪ ਮਿਲਦਾ ਨਹੀਂ । ਇਸ ਦੀ ਕੀ ਵਜ੍ਹਾ ਹੈ? ਇਸ ਤੇ ਹਜ਼ੂਰੀ ਸੇਵਕ ਨੇ ਕਿਹਾ ਕਿ ਭਾਈ ਪ੍ਰੇਮੀਓ, ਸ਼ੰਕਾਵਾਦੀਓ, ਗੁਰੂ ਸਾਹਿਬ ਰੂਪ, ਰੰਗ ਤੋਂ ਨਿਆਰੇ ਸਨ । ਜਿਸ ਤਰ੍ਹਾਂ ਕੋਈ ਜਿਥੇ ਸ਼ਰਧਾਲੂ ਮਹਾਰਾਜ ਜੀ ਦੇ ਸਰੂਪ ਦੀ ਭਾਵਨਾ ਕਰਕੇ ਦੇਖਦਾ ਸੀ, ਉਸਨੂੰ ਉਹੋ ਜੇਹਾ ਸਰੂਪ ਦੇ ਦਰਸ਼ਨ ਹੁੰਦੇ ਸਨ । ਕਿਉਂਕਿ ਮਹਾਰਾਜ ਜੀ ਨਿਰੰਕਾਰ ਜੋਤੀ ਸਰੂਪ ਅਕਾਲ ਪੁਰਖ ਪਰਿਪੂਰਨ ਪ੍ਰਮਾਤਮਾ ਸਨ । ਜਿਸ ਦਾ ਬਰਨੰਨ ਦਸ਼ਮੇਸ਼ ਪਿਤਾ ਜੀ ਅਪਨੀ ਸ੍ਰੀ ਮੁਖਬਾਣੀ ਜਾਪ ਸਾਹਿਬ ਦੇ ਪਹਿਲੇ ਛੰਦ ਵਿੱਚ ਬਰਨੰਮ ਕਰਦੇ ਹਨ: -

ਜਾਪ ਸਾਹਿਬ ਛਪੈ ਛੰਦ ਤਵ ਪ੍ਰਸਾਦਿ ।

ਸ੍ਰੀ ਮੁਖਵਾਕ ਪਾਤਿਸ਼ਾਹੀ ੧੦ ॥ ਛਪੈ ਛੰਦ ॥
ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥
ਅਚਲ ਮੂਰਤਿ ਅਨੁਭਵ ਪ੍ਰਕਾਸ਼ ਅਮਿਤੋਜ ਕਹਿੱਜੈ ॥ [੧੮]

ਗੁਰੂ ਪੰਚਮ ਪਾਤਸ਼ਾਹ ਜੀ ਅਪਨੇ ਮੁਖਵਾਕ ਬਾਣੀ ਵਿੱਚ ਫੁਰਮਾਂਵਦੇ ਹਨ ਕਿ ਸਾਨੂੰ ਗੁਰੂ ਨਾਨਕ ਪਾਰਬ੍ਰਹਮ ਮਿਲੇ ਹਨ । ਗੁਰੂ ਪੰਚਮ ਪਾਤਸ਼ਾਹ ਜੀ, ਗੁਰੂ ਨਾਨਕ ਸਾਹਿਬ ਜੀ ਨੂੰ ਪਾਰਬ੍ਰਹਮ ਵਰਨੰਨ ਕਰਦੇ ਹਨ ।

ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥ [੧੯]

---

[੧੮] ਸ੍ਰੀ ਜਾਪੁ ਸਾਹਿਬ, ਪੰਨਾ ੧, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।
[੧੯] ਗੋਂਡ ਮਹਲਾ ੫, ਪੰਨਾ ੮੬੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਇਨ੍ਹਾਂ ਗੁਰਵਾਕਾਂ ਤੋਂ ਇਹ ਸਿੱਧ ਹੋਯਾ ਕਿ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦਸੋਂ ਪਾਤਸ਼ਾਹੀਆਂ ਖ਼ੁਦ ਪਾਰਬ੍ਰਹਮ ਸਨ । ਕਈ ਪ੍ਰੇਮੀ ਸ਼ੰਕਾਵਾਦੀ ਇਉਂ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਅਪਨੀ ਮੁਖਵਾਕ ਬਾਣੀ ਵਿੱਚ ਹੁਕਮ ਕੀਤਾ ਹੈ ਕਿ

ਜੋ ਹਮ ਕੋ ਪਰਮੇਸ਼ਰ ਉਚਰਿ ਹੈ ॥ ਤੇ ਸਭ ਨਰਕਿ ਕੁੰਡ ਮਹਿ ਪਰਿ ਹੈ ॥ [੨੦]

ਭਾਈ ਪ੍ਰੇਮੀ ਸ਼ੰਕਾਵਾਦੀਓ, ਏਦ੍ਹਾ ਭੀ ਉੱਤਰ ਸੁਨੋ ।

(ਲੋਗਾ ਭਰਮਿ ਨ ਭੂਲਹੁ ਭਾਈ) [੨੧]

ਏਕ ਦਫ਼ਾ ਅਸੀਂ ਹੈਦਰਾਬਾਦ ਕੁਛ ਪ੍ਰੇਮੀਆਂ ਦੇ ਬੁਲਾਉਨ ਤੋਂ ਗਏ ਸਾਂ । ਉੱਥੋਂ ਕਥਾ ਕੀਰਤਨ ਦਾ ਪ੍ਰਵਾਹ ਕਲਗੀਧਰ ਦਸ਼ਮੇਸ਼ ਪਿਤਾ ਜੀ ਦੀ ਕ੍ਰਿਪਾ ਦੁਵਾਰਾ ਚਲਦਾ ਰਿਹਾ । ਕਈਆਂ ਨੇ ਦੇਖ ਕੇ ਔਰ ਸੁਣਿ ਕੇ ਈਰਖਾ ਔਰ ਸ਼ੰਕਾ ਪੈਦਾ ਹੋਇਆ ਕਿ ਏਹ ਕਿਤਨੇ ਵਿਦਵਾਨ ਹੈਂ ਕਿ ਨੌਜਵਾਨੋਂ ਕੋ ਵਰਗਲਾ ਰਹੇ ਹੈਂ । ਇਸ ਮੇਂ ਗਿਆਨੀ ਠਾਕੁਰ ਸਿੰਘ ਹੈਦਰਾਬਾਦ ਨਿਵਾਸੀ ਕੇ ਕਈ ਸੁਨੇਹੇ ਪਹੁੰਚੇ ਕਿ ਮੈਂ ਆਪ ਸੇ ਕੁਛ ਗਿਆਨ ਚਰਚਾ ਕਰਨਾ ਚਾਹਤਾ ਹੂੰ । ਆਪ ਕੋਈ ਟਾਈਮ ਦੀਜੀਏ । ਪਰ ਹਮ ਉਸ ਸੇ ਦੂਰ ਰਹਨੇ ਕੀ ਕੋਸ਼ਿਸ਼ ਕਰਤੇ ਰਹੇ । ਆਖ਼ੀਰ ਏਕ ਰੋਜ਼ ਗੁਰਦੁਵਾਰਾ ਗੋਲੀਗੜਾਂ ਬੜਾ ਨਾਕਾ ਦੇ ਸਾਮਨੇ ਬੜੇ ਗੁਰਦੁਵਾਰੇ ਸਾਹਿਬ ਕੇ ਨੀਚੇ ਹਾਲ ਮੇ ਲਾਇਬ੍ਰੇਰੀ ਕੇ ਕਮਰੇ ਮੇਂ ਬੈਠੇ ਥੇ । ਉਸ ਵਕਤ ਹੈਦਰਾਬਾਦ ਕੇ ਜੱਥੇ ਕੇ ਭੀ ਕੁੱਛ ਸਿੰਘ ਮੌਜੂਦ ਥੇ । ਗਿਆਨੀ ਠਾਕੁਰ ਸਿੰਘ ਜੀ ਭੀ ਇਸ ਟਾਈਮ ਪਰ ਆ ਗਏ । ਉਸ ਵਕਤ ਹਮ ਜੱਥੇ ਸਮੇਤ ਚਾਹ ਛੱਕ ਰਹੇ ਥੇ । ਹਮ ਗਿਆਨੀ ਸਿੰਘ ਜੀ ਕੋ ਫ਼ਤੇ ਬੁਲਾਈ ਔਰ ਕਹਾ ਕਿ ਆਈਏ ਗਿਆਨੀ ਸਿੰਘ ਜੀ, ਬੈਠੀਏ, ਚਾਹ ਛੱਕੀਏ । ਗਿਆਨੀ ਜੀ ਬੈਠ ਗਏ ਔਰ ਕਹਾ ਕਿ ਮੈਂ ਕਈ ਦਿਨੋਂ ਸੇ ਆਪ ਕੋ ਮਿਲਨਾ ਚਾਹਤਾ ਥਾ । ਅੱਛਾ ਹੁਆ ਆਪ ਇਹਾਂ ਹੀ ਮਿਲ ਗਏ । ਮੇਰਾ ਖ਼ਿਆਲ ਥਾ ਕਿ ਆਪ ਸੇ ਕੁੱਛ ਵੀਚਾਰ ਕਰਨਾ ਵ ਕੁੱਛ ਪੂਛਨਾ । ਇਸ ਪਰ ਹਮ ਨੇ ਕਹਾ ਕਿ ਗਿਆਨੀ ਸਿੰਘ ਜੀ, ਆਪ ਗੁਨੀ ਗਿਆਨੀ ਔਰ ਵਿਦਵਾਨ ਹੈਂ । ਹਮ ਤੋ ਕਲਗੀਧਰ ਦਸ਼ਮੇਸ਼ ਪਿਤਾ ਜੀ ਕੇ ਲਾਂਗਰੀ ਵ ਉਰਦੂ ਮੇਂ ਲਾਂਗਰੀ ਕੋ ਬਾਵਰਚੀ ਕਹਿਤੇ ਹੈਂ, ਤੋ ਹਮ ਦਰਬਾਰ ਕੇ ਬਾਵਰਚੀ ਹੈਂ । ਹਮ ਆਪ ਕੋ ਕਿਆ ਸੁਨਾਇੰਗੇ ਔਰ ਕਿਆ ਜਵਾਬ ਦੇਇੰਗੇ? ਪਰ ਗਿਆਨੀ ਸਿੰਘ ਜੀ ਕੀ ਤੀਬਰ ਇੱਛਾ ਬਾਤਚੀਤ ਕਰਨੇ ਕੀ ਥੀ । ਘੜੀ-ਮੁੜੀ ਕਹਿਨੇ ਪਰ ਹਮ ਨੇ ਪੂਛਾ ਕਿ ਗਿਆਨੀ ਜੀ ਆਪ ਕਿਆ ਕਹਿਨਾ ਚਾਹਤੇ ਹੈ? ਔਰ ਕਿਆ ਪੂਛਨਾ ਚਾਹਤੇ ਹੈਂ? ਗਿਆਨੀ ਜੀ ਨੇ ਏਹੀ ਪ੍ਰਸ਼ਨ ਕਰਾ ਕਿ ਤੁਮ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਕੋ ਕਿਆ ਮਾਨਤੇ ਹੈਂ, ਗੁਰੂ ਮਾਨਤੇ ਹੈਂ ਯਾ ਪਰਮੇਸ਼ਰ ਮਾਨਤੇ ਹੈਂ? ਹਮ ਨੇ ਸੱਚਖੰਡ ਵਾਸੀ ਦਸ਼ਮੇਸ਼ ਪਿਤਾ ਜੀ ਕੋ ਦਿਲ ਮੇਂ ਯਾਦ ਕਰਾ ਵ ਧਿਆਨ ਕਰਾ ਕਿ ਮਹਾਰਾਜ ਜੀ ਆਪ ਹੀ ਏਸ ਕੋ ਜਵਾਬ ਦੇਉ । ਇਸ ਕੇ ਬਾਦ ਹਮ ਨੇ ਗਿਆਨੀ ਜੀ ਕੋ ਕਹਾ ਕਿ ਹਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋ ਸੁਖ ਬ੍ਰਹਮ ਨਿਰੰਕਾਰ

---

[੨੦] ਸ੍ਰੀ ਬਚਿਤ੍ਰ ਨਾਟਕ, ਪੰਨਾ ੫੭, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

[੨੧] ਪ੍ਰਭਾਤੀ, ਕਬੀਰ ਜੀ, ਪੰਨਾ ੧੩੫੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਅਕਾਲ ਪੁਰਖ ਪਰਮੇਸ਼ਵਰ ਮਾਨਤੇ ਹੈਂ । ਤੋ ਗਿਆਨੀ ਸਿੰਘ ਜੀ ਨੇ ਕਹਾ ਕਿ ਫਿਰ ਤੋ ਆਪ ਨਰਕਾਂ ਕੇ ਭਾਗੀ ਹੋ ਵ ਨਰਕ ਕੋ ਜਾਇੰਗੇ । ਏਹ ਸੁਨ ਕਰ ਹਮ ਨੇ ਕਹਾ ਕਿ ਗਿਆਨੀ ਸਿੰਘ ਜੀ, ਏਹ ਕਹਾਂ ਲਿਖਾ ਹੈ? ਗਿਆਨੀ ਸਿੰਘ ਜੀ ਨੇ ਕਹਾ ਕਿ ਮਹਾਰਾਜ ਗੁਰੂ ਸਾਹਿਬ ਕੇ ਮੁਖਵਾਕ ਬਾਣੀ ਬਚਿਤ੍ਰ ਨਾਟਕ ਮੇਂ ਲਿਖਾ ਹੈ । ਏਹ ਸੁਣਿ ਕਰ ਹਮ ਨੇ ਕਹਾ ਕਿ ਹਮ ਨੇ ਜੋ ਆਪ ਕੋ ਸੁਨਾਯਾ ਹੈ, ਉਹ ਭੀ ਬਚਿਤ੍ਰ ਨਾਟਕ ਮੇ ਸੁਨਾਯਾ ਹੈ । ਗਿਆਨੀ ਸਿੰਘ ਨੇ ਕਹਾ ਕਿ ਉਹ ਤੁੱਕ ਸੁਨਾਓ । ਹਮ ਨੇ ਕਹਾ ਕਿ ਪਹਿਲੇ ਆਪ ਹੀ ਓਹ ਤੁਕਾਂ ਸੁਨਾਓ, ਜੋ ਆਪਨੇ ਪ੍ਰਸ਼ਨ ਕੀਆ ਹੈ । ਗਿਆਨੀ ਜੀ ਨੇ ਪੜ੍ਹ ਕੇ ਸੁਨਾਯਾ:-

ਜੋ ਹਮ ਕੋ ਪਰਮੇਸ਼ਰ ਉਚਰਿ ਹੈ ॥ ਤੇ ਸਭ ਨਰਕਿ ਕੁੰਡ ਮਹਿ ਪਰਿ ਹੈ ॥ [੨੨]

ਏਹ ਸੁਨਿ ਕਰ ਹਮ ਨੇ ਗਿਆਨੀ ਸਿੰਘ ਕੋ ਕਹਾ ਕਿ ਗਿਆਨੀ ਸਿੰਘ ਜੀ, ਪਿਛਲੀਆਂ ਭੀ ਤੁੱਕਾਂ ਸੁਨਾਉ । ਗਿਆਨੀ ਜੀ ਨੇ ਕਹਾ ਕਿ ਓਹ ਤੁੱਕਾਂ ਆਪ ਹੀ ਸੁਨਾਈਏ । ਇਸ ਪਰ ਹਮ ਨੇ ਏਹ ਮਹਾਰਾਜ ਜੀ ਕੀਆਂ ਤੁੱਕਾਂ ਸੁਨਾਈਆਂ: -

ਇਹ ਬਿਧਿ ਕਰਤ ਤਪੱਸਿਆ ਭਯੋ ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥ [੨੩]

ਸੋ, ਗਿਆਨੀ ਸਿੰਘ ਜੀ, ਮਹਾਰਾਜ ਜੀ ਨੇ ਤਾਂ ਫੁਰਮਾਯਾ ਹੈ ਕਿ ਅਸੀਂ ਦੋ ਰੂਪ ਤੋਂ ਏਕ ਹੋ ਗਏ । ਆਪ ਦੋ ਕਰਕੇ ਦਿਖਾਓ । ਗਿਆਨੀ ਸਿੰਘ ਜੀ ਨੇ ਬਥੇਰਾ ਜਤਨ ਕੀਤਾ, ਪਰ ਦੋ ਸਰੂਪ ਨਾ ਕਰ ਸਕੇ ।

ਜਿਸ ਵਕਤ ਕਲਗੀਧਰ ਜੀ ਮਹਾਰਾਜ ਜੀ ਪਟਨੇ ਸਾਹਿਬ ਬਾਲ ਲੀਲਾ ਦੇ ਚੋਜ ਕਰ ਰਹੇ ਥੇ, ਉਸ ਵਕਤ ਗੋਬਿੰਦ ਘਾਟ ਪਰ ਸ਼ਿਵਦੱਤ ਬ੍ਰਾਹਮਨ ਤਪਸੀ ਜੀ ਨੂੰ ਮਹਾਰਾਜ ਜੀ ਨੇ ਕਈ ਸਰੂਪਾਂ ਦੇ ਵਿਚੱਤ੍ਰ ਦਰਸ਼ਨ ਦਿੱਤੇ ਸਨ । ਜਿਸ ਤਰ੍ਹਾਂ ਕਿ ਓਹ ਦਿਲ ਵਿੱਚ ਧਾਰਦਾ ਕਿ ਆਜ ਮੈਂਨੂੰ ਸ੍ਰੀ ਰਾਮ ਚੰਦ੍ਰ ਜੀ ਦੇ ਸਰੂਪ ਵਿੱਚ ਦਰਸ਼ਨ ਦੇਣਗੇ, ਤਾਂ ਮੈਂ ਔਤਾਰ ਮੰਨਾਂਗਾ । ਉਸ ਦਿਨ ਮਹਾਰਾਜ ਜੀ ਨੇ ਉਸੀ ਰੂਪ ਵਿੱਚ ਦਰਸ਼ਨ ਦਿੱਤੇ । ਫੇਰ ਉਸ ਨੇ ਕਹਾ, ਨਹੀਂ ਨਹੀਂ, ਕਲ੍ਹ ਨੂੰ ਅਗਰ ਕ੍ਰਿਸ਼ਨ ਭਗਵਾਨ ਕੇ ਸਰੂਪ ਮੇਂ ਦਰਸ਼ਨ ਦੇਇੰਗੇ, ਤੋ ਮੈਂ ਔਤਾਰ ਮਾਨੂੰਗਾ । ਦੂਸਰੇ ਦਿਨ ਮਹਾਰਾਜ ਜੀ ਨੇ ਕ੍ਰਿਸ਼ਨ ਰੂਪ ਵਿੱਚ ਹੀ ਦਰਸ਼ਨ ਦਿੱਤੇ । ਇਸ ਤਰ੍ਹਾਂ ਉਸ ਨੇ ਕਈ ਸਰੂਪਾਂ ਵਿੱਚ ਗੁਰੂ ਸਾਹਿਬ ਜੀ ਦੇ ਦਰਸ਼ਨ ਦੀ ਇੱਛਾ ਕਰਦੇ ਰਹੇ ਔਰ ਉਸ ਦੀ ਇੱਛਾ ਅਨੁਸਾਰ ਬਾਲਾ ਪ੍ਰੀਤਮ ਜੀ ਦਰਸ਼ਨ ਦੇਂਦੇ ਰਹੇ, ਕਿਉਂਕਿ ਰਾਜਾ ਸ਼ਿਵਦੱਤ ਬ੍ਰਾਹਮਨ ਗੁਰੂ ਸਾਹਿਬ ਜੀ ਨੂੰ ਛੋਟੀ ਉਮਰ ਹੋਨ ਕਰਕੇ ਬਾਲਾ ਪ੍ਰੀਤਮ ਕਰਕੇ ਬੁਲਾਂਵਦਾ ਸੀ ।

---

[੨੨] ਸ੍ਰੀ ਬਚਿਤ੍ਰ ਨਾਟਕ, ਪੰਨਾ ੫੭, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

[੨੩] ਸ੍ਰੀ ਬਚਿਤ੍ਰ ਨਾਟਕ, ਪੰਨਾ ੫੫, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

ਇਸੀ ਤਰ੍ਹਾਂ ਗੁਰੂ ਸਾਹਿਬ ਜੀ ਰਵਾਲਸਰ ਦੀਵਾਨ ਲਾ ਕੇ ਬੈਠੇ ਥੇ । ਉਸ ਦੀਵਾਨ ਦੀ ਸ਼ੋਭਾ ਕਥਨ ਤੋਂ ਬਾਹਰ ਹੈ, ਕਿਉਂਕਿ ਉਸ ਦਿਨ ਸਾਰੇ ਰਾਜਪੂਤ ਰਾਜਿਆਂ ਨੇ ਦਰਸ਼ਨਾਂ ਨੂੰ ਆਵਨਾਂ ਸੀ, ਇਸ ਕਰਕੇ ਦੀਵਾਨ ਦੀ ਖ਼ਾਸ ਸਜਾਵਟ ਕੀਤੀ ਸੀ । ਜਿਸ ਵਕਤ ਬਾਈਧਾਰ ਦੇ ਰਾਜੇ ਦਰਸ਼ਨ ਕਰਕੇ ਭੇਟਾ ਧਰਕੇ ਮਥਾ ਟੇਕ ਕੇ ਬੈਠੇ ਮਹਾਰਾਜ ਜੀ ਦੇ ਅਰਸ਼ੀ, ਬੀਰ-ਰਸ ਵਾਲੇ ਔਰ ਸ਼ਾਂਤੀ ਵ ਆਜ਼ਾਦੀ ਵਾਲੇ ਬਚਨ ਸੁਨੇ, ਸੁਨਿ ਕਰ ਨਮਸ਼ਕਾਰ ਕਰਕੇ ਵ ਮਥ ਟੇਕ ਕਰ ਸਾਰੇ ਰਾਜੇ ਚਲੇ ਗਏ । ਉਸ ਤੋਂ ਬਾਦ ਸਾਰੇ ਰਾਜੋਂ ਕੀ ਰਾਨੀਆਂ ਗੁਰੂ ਮਹਾਰਾਜ ਜੀ ਕੇ ਦਰਸ਼ਨਾਂ ਕੋ ਆਈਆਂ ਔਰ ਹਰ ਏਕ ਰਾਨੀ ਨੇ ਅਪਨੇ ਅਪਨੇ ਮਨ ਮੇਂ ਸੰਕਲਪ ਕੀਯਾ । ਕਿਸੀ ਨੇ ਨੇ ਸ੍ਰੀ ਰਾਮ ਚੰਦ੍ਰ ਦੇਖਨੇ ਕੀ ਇੱਛਾ ਕੀ, ਕਿਸੀ ਨੇ ਸ੍ਰੀ ਕ੍ਰਿਸ਼ਨ ਭਗਵਾਨ ਕੇ ਸਰੂਪ ਕੇ ਦਰਸ਼ਨ ਕਰਨੇ ਕੀ ਇੱਛਾ ਕਰੀ । ਮਤਲਬ ਕਿਯਾ, ਜੈਸੀ ਜੈਸੀ ਰਾਨੀਯੋਂ ਨੇ ਮਨ ਮੇਂ ਦਰਸ਼ਨ ਕੀ ਇੱਛਾ ਕਰਕੇ ਆਈਆਂ ਔਰ ਗੁਰੂ ਮਹਾਰਾਜ ਜੀ ਕੋ ਆ ਕਰ ਨਮਸ਼ਕਾਰ ਕਰਕੇ ਵ ਮਥਾ ਟੇਕ ਕਰ ਸਿਰ ਉਠਾ ਕਰ ਜਬ ਦੇਖੇ, ਤਬ ਉਸੇ ਹੀ ਸਰੂਪ ਦੀਖਾ । ਏਹ ਸਾਰੇ ਪ੍ਰਸੰਗ ਦਾ ਭਾਉ ਅਰਥ ਏਹ ਹੋਯਾ ਕਿ ਮੁਸੱਵਰ ਜਿਸ ਜਿਸ ਸਰੂਪ ਵਿਚ ਮਹਾਰਾਜ ਜੀ ਨੂੰ ਦੇਖਨਾ ਚਾਹੁੰਦੇ ਹਨ, ਸਤਿਗੁਰੂ ਸੱਚੇ ਪਾਤਸ਼ਾਹ ਮੁਸੱਵਰ ਦੇ ਦਿਲ ਦਿਮਾਗ਼ ਬੁੱਧੀ ਵਿੱਚ ਉਸੀ ਸਰੂਪ ਵਿਚ ਨਿਵਾਸ ਕਰਦੇ ਹਨ । ਮੁਸੱਵਰ ਉਸੀ ਤਰ੍ਹਾਂ ਫ਼ੋਟੋ ਖਿੱਚਦਾ ਹੈ । ਰਾਨੀਆਂ ਦੀ ਤਰ੍ਹਾਂ, ਪੰਡਤ ਸ਼ਿਵਦੱਤ ਦੀ ਤਰ੍ਹਾਂ, ਮੁਸੱਵਰ ਹਰ ਏਕ ਅਡ ਅਡ ਸਰੂਪ ਦਾ ਖ਼ਿਆਲ ਸੰਕਲਪ ਕਰਦੇ ਹਨ, ਤਾਂ ਗੁਰੂ ਸਾਹਿਬ ਅਡ ਅਡ ਮੁਸੱਵਰ ਦੇ ਉਸਦੇ ਖ਼ਿਆਲ ਮਾਫ਼ਕ ਨਿਵਾਸ ਕਰਦੇ ਹਨ, ਜਿਸ ਕਰਕੇ ਮਹਰਾਜ ਜੀ ਦੇ ਫ਼ੋਟੋ ਅਡ ਅਡ ਸਰੂਪਾਂ ਵਿੱਚ ਖਿੱਚੇ ਜਾਂਦੇ ਹਨ ।

ਸ੍ਰੀ ਮੁਖਵਾਕ ਪਾ: ੧੦

ਏਕ ਮੂਰਤਿ ਅਨੇਕ ਦਰਸ਼ਨ ਕੀਨ ਰੂਪ ਅਨੇਕ ॥ ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ ॥[੨੪]

ਸੋ ਸਾਧ ਸੰਗਤ ਜੀਓ, ਇਸ ਦੇ ਜ਼ਿਆਦਾ ਵਿਸਥਾਰ ਵਿੱਚ ਨਾ ਜਾਂਦੇ ਹੋਏ

(ਤੇਰੀ ਗਤਿ ਮਿਤਿ ਤੂਹੈ ਜਾਣਹਿ ॥) [੨੫]

ਏਕ ਦਫ਼ਾ ਏਕ ਗਿਆਨੀ ਬੜਾ ਵਿਦਵਾਨ ਆਯਾ ਆ ਕਰ ਟਿੰਡ ਬੁੰਗੇ ਮੇਂ ਮਹਾਰਾਜ ਸ੍ਰੀ ਗੁਰੂ ਗ੍ਰਿੰਥ ਸਾਹਿਬ ਕੇ ਦਰਸਨ ਕਰਕੇ ਵ ਨਮਸਕਾਰ ਕਰ ਬੈਠਾ । ਚਾਰੋਂ ਤਰਫ਼ ਨਿਗ੍ਹਾ ਮਾਰ ਕੇ ਦਸੋਂ ਪਾਤਸ਼ਾਹੀਆਂ ਕੇ ਫ਼ੋਟੋ ਲਗੇ ਹੋਏ ਦੇਖ ਕਰ ਕਹਿਨੇ ਲਗੇ ਕਿ ਫ਼ੋਟੋ ਰਖਨੇ ਕਾ ਵ ਪੂਜਾ ਕਰਨੇ ਕਾ ਕਿਯਾ ਮਤਲਬ ? ਸਿਧਾ ਅੰਤਰਜਾਮੀ

---

[੨੪] ਸ੍ਰੀ ਜਾਪੁ ਸਾਹਿਬ, ਪੰਨਾ ੫, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

[੨੫] ਮਾਰੂ ਮਹਲਾ ੫, ਪੰਨਾ ੧੦੮੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਅਕਾਲ ਪੁਰਖ ਕੀ ਪੂਜਾ ਸਿਮਰਨ ਕਰਨਾ ਚਾਹੀਏ । ਹਮ ਨੇ ਦੇਖਾ ਵਿਚਾਰ ਕੇ ਗਿਆਨੀ ਸਿੰਘ ਹੈ । ਇਸ ਸੇ ਗਿਆਨ ਕੇ ਜ਼ਰੀਏ ਸਮਝਨਾ ਠੀਕ ਨਹੀਂ ਹੋਗਾ ਔਰ ਏਹ ਜਲਦੀ ਇਸ ਕੋ ਖ਼ਤਮ ਹੋਨੇ ਨਹੀਂ ਦੇਗਾ । ਇਸ ਕੇ ਸਾਥ ਜਟ-ਗਿਆਨ ਕਰਨਾ ਚਾਹੀਏ । ਹਮ ਨੇ ਕਹਾ, "ਗਿਆਨੀ ਸਿੰਘ ਜੀ ਮਹਾਰਾਜ, ਫ਼ੋਟੋ ਪੂਜਾ ਸੇਵਾ ਕਰਨੇ ਸੇ ਮਹਾਰਾਜ ਪ੍ਰਸੰਨ ਹੋਤੇ ਹੈਂ । ਗਿਆਨੀ ਜੀ ਨੇ ਕਹਾ ਕਿ ਮਹਾਰਾਜ ਜੀ ਕਿਯਾ ਸੇਵਾ ਨ ਕਰਨੇ ਸੇ ਨਾਰਾਜ਼ ਕੈ ਫ਼ੋਟੋ ਮੇਂ ਹੈ । ਹਮਨੇ ਕਹਾ, "ਗਿਆਨੀ ਸਿੰਘ ਜੀ, ਅਗਰ ਆਪ ਅਪਨਾ ਫ਼ੋਟੋ ਅਪਨੇ ਬੱਚੋਂ ਕੋ ਵ ਅਪਨੇ ਗੂੜ੍ਹੇ ਮਿਤਰ ਪਿਆਰੋਂ ਕੋ ਦੇ ਕਰ ਦੂਰ ਪ੍ਰਦੇਸ ਮੇਂ ਚਲੇ ਜਾਏਂ ਔਰ ਬਹੁਤ ਮੁੱਦਤ ਕੇ ਬਾਦ ਵਾਪਸ ਆਏਂ ਔਰ ਆ ਕੇ ਬੈਠੇਂ ਉਸ ਮਕਾਨ ਮੇਂ, ਜਹਾਂ ਆਪ ਕਾ ਫ਼ੋਟੋ ਲਗਾ ਹੈ । ਅਗਰ ਉਸ ਵਕਤ ਫ਼ੋਟੋ ਕੋ ਹਾਰ ਪਹਿਨਾਯਾ ਹੋ ਔਰ ਅੱਛੇ ਹਾਲਤ ਮੇਂ ਲਗਾ ਹੋ, ਤੋ ਆਪ ਕੋ ਦੇਖ ਕਰ ਖ਼ੁਸ਼ੀ ਹੋਏਗੀ ਕਿ ਨਹੀਂ? ਅਗਰ ਉਸੀ ਫ਼ੋਟੋ ਕੇ ਮੂੰਹ ਪਰ ਕਾਲਖ ਲਗੀ ਹੋ ਵ ਨਾਕ ਕਾਟਾ ਹੋ, ਔਰ ਗਰਦੇ ਸੇ ਭਰੀ ਹੋ, ਤੋ ਦੇਖ ਕਰ ਆਪ ਕੇ ਦਿਲ ਮੇਂ ਕਿਆ ਗੁਜ਼ਰੇਗਾ? ਆਪ ਤੋ ਉਸ ਕਾਗਜ਼ ਵ ਫ਼ੋਟੋ ਮੇਂ ਨਹੀਂ ਹੈਂ, ਮਗਰ ਅੱਛੀ ਹਾਲਤ ਮੇਂ ਦੇਖ ਕਰ ਤੇਰੇ ਦਿਲ ਪਰ ਖ਼ੁਸ਼ੀ ਕਾ ਪ੍ਰਭਾਉ ਪੈਗਾ ਔਰ ਦੂਸਰੀ ਹਾਲਤ ਮੇਂ ਦੇਖ ਕਰ ਤੇਰੇ ਦਿਲ ਪਰ ਨਾਰਾਜ਼ਗੀ ਕਾ ਅਸਰ ਪੈਗਾ । ਇਸ ਵਾਸਤੇ ਅਕਾਲ ਪੁਰਖੁ ਅੰਤਰਜਾਮੀ ਹੈ । ਓਹ ਅਪਨੇ ਫ਼ੋਟੋ ਕੀ ਪੂਜਾ ਔਰ ਹਾਲਤ ਸਭ ਦੇਖਤੇ ਹੈਂ ।

ੴ

ਏਕ ਦਫ਼ਾ ਹਮ ਦਿੱਲੀ ਗਏ । ਚਾਂਦਨੀ ਚੌਂਕ ਗੁਰਦਵਾਰਾ ਸੀਸ ਗੰਜ ਸਾਹਿਬ ਜੀ ਕੇ ਦਰਸ਼ਨ ਕਰਨੇ ਗਏ । ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਕੋ ਨਮਸ਼ਕਾਰ ਵ ਮਥਾ ਟੇਕ ਕਰ ਜਬ ਪਵੜੀਆਂ ਸੇ ਨੀਚੇ ਉਤਰੇ ਔਰ ਦਰਸ਼ਨ ਕੀਏ । ਮਥਾ ਟੇਕਾ, ਨਮਸ਼ਕਾਰ ਕਰੀ । ਸਿਰ ਉਠਾ ਕਰ ਦੇਖਾ, ਤੋ ਸਾਮਨੇ ਮੰਜੀ ਸਾਹਿਬ ਕੇ ਪਾਸ ਗੁਰੂ ਤੇਗ਼ ਬਹਾਦਰ ਸਾਹਿਬ ਜੀ ਕਾ ਫ਼ੋਟੋ ਲਗਾ ਥਾ ਔਰ ਮੰਜੀ ਸਾਹਿਬ ਪਰ ਸ੍ਰੀ ਗੁਰੂ ਗ੍ਰਿੰਥ ਸਾਹਿਬ ਨਹੀਂ ਥੇ । ਮਹਾਰਾਜ ਕਾ ਪ੍ਰਕਾਸ਼ ਦੂਸਰੀ ਜਗ੍ਹਾ ਪਰ ਥਾ । ਇਸੀ ਤਰ੍ਹਾਂ ਗੁਰਦਵਾਰਾ ਬਾਲਾ ਸਾਹਿਬ ਜੀ ਮੇਂ ਫ਼ੋਟੋ ਸੁਸ਼ੋਭਿਤ ਹੈ । ਇਸੀ ਤਰ੍ਹਾਂ ਅਨੇਕ ਗੁਰਦਵਾਰੇ ਸਾਹਿਬਾਨ ਮੇਂ ਫ਼ੋਟੂ ਮਹਾਰਾਜ ਜੀ ਕੇ, ਗੁਰੂ ਸਾਹਿਬੋਂ ਕੇ ਲਗੇ ਹੈਂ ਔਰ ਸੇਵਾ ਪੂਜਾ ਹੋ ਰਹੀ ਹੈ । ਹਮਾਰੀ ਸਮਝ ਮੇਂ ਨਹੀਂ ਆਤਾ ਕਿ ਏਹ ਸ਼ੰਕਾਵਾਦੀ ਪ੍ਰੇਮੀ ਕੌਨ ਸੇ ਮੁਲਕ ਕੇ ਹੈਂ? ਔਰ ਕਭੀ ਗੁਰਧਾਮੋਂ ਕੀ ਯਾਤਰਾ ਕਰੀ ਹੈ ਕਿ ਨਹੀਂ? ਯਾ ਗੁਰਦਵਾਰੇ ਸਾਹਿਬ ਮੇਂ ਜਾਤੇ ਹੈਂ ਯਾ ਨਹੀਂ ? ਯਾ ਗੁਰ ਇਤਹਾਸ ਸੇ ਵਾਕਫ਼ ਹੈਂ ਯਾ ਨਹੀਂ ?